**Parakh**
Research Journal Deptt. of Punjabi
Language & Literature
Lahore College for Women University
Lahore (Pakistan) Vol: 4
Jan. -June 2019, pp

**ਪਾਰਖਿ**
ਪੰਜਾਬੀ ਵਭਿਾਗ ਜਰਨਲ ਆਫ਼ ਪੰਜਾਬੀ
ਭਾਸ਼ਾ ਅਤੇ ਸਾਹਤਿ
ਮਹਲਿਾ ਯੂਨੀਵਰਸਟਿੀ ਲਾਹੌਰ ਕਾਲਜ, ਲਾਹੌਰ (ਪਾਕਸਿਤਾਨ)
ਲਈ: 4, ਜਨਵਰੀ-ਜੂਨ 2019, ਪੰਨੇ

**ਪਰਮਿੰਦਰ ਸਿੰਘ**

# ਗੋਸਟਿ ਰਵਾਇਤ ਅਤੇ ਗੁਰੂ ਨਾਨਕ ਸਾਹਿਬ

**Abstract**

*Dialogue* basically relates to conversation or discussion. In Punjabi *Gosht* and *Samvaad* are proper words for *Dialogue* and in *Urdu* we call it *Mukalma*. On conceptual level there is a minor difference between *Gosht* and *Samvaad*. Where *Gosht* can happen only between two or more persons, *Samvaad* can happen with self too. So in practical life *Gosht* and *Samvaad* both can happen in same time and space. They can be used synonymously. On conceptual levels *Dialogue* is quite critical and It has been remained a genre of philosophy for so long. Most of the earlier debates and discussions interacted through *Dialogue*. *Goshts* happens so one can attain the truth. In *Dialogue* it is necessary for all the participants to regard and respect each other, respect each other's viewpoint, opinion and knowledge. No one should remain stick to one's ideology but everyone has to submit their selves in the search of but truth. In *Dialogue* the ideas are exchanged and they can be of any discipline, but mostly they are religious or political of its kind. And it is construction of *Gosht* or *Dialogue* that take the participants to an agreement. There is no single ancient text which has no clues of Dialogue, whether it is related to any faith or philosophy. But Before Guru Nanak Sahib no one experienced or projected this genre of Inter-Faith Dialogue. Guru Nanak Sahib went to different places to have a *Dialogue* with *Sidhas* and many more to teach his true message. But our study of concentration would be

*Guru Nanak Sahib and his Bani Sidha Gosht.* I am quite convinced that this method of true Punjabi spirit can reach us to fruitful achievements, when there are people and nations searching for peace in International relations.

ਮਨੁੱਖੀ ਵਜੂਦ ਦੀ ਮੌਜੂਦਾ ਹਾਲਤ ਤੱਕ ਪਹੁੰਚਣ ਦੀ ਕਹਾਣੀ ਬਹੁਤ ਦਿਲਚਸਪ ਹੈ। ਇਸਨੇ ਸਦਾ ਹੀ ਆਪਣੇ ਰਿਜਕ ਲਈ, ਆਪਣੀਆਂ ਲੋੜਾਂ ਦੀ ਪੂਰਤੀ ਲਈ ਆਪਣੇ ਚੌਗਿਰਦੇ ਨਾਲ਼ ਸੰਵਾਦ ਕੀਤਾ ਹੈ। ਇਸਦੇ ਜ਼ਿਹਨ ਵਿੱਚ ਅਨੇਕਾਂ ਸੁਆਲ ਫੁੱਟਦੇ ਰਹੇ ਅਤੇ ਸੁਆਲਾਂ ਦੇ ਜੁਆਬਾਂ ਲਈ ਤਤਪਰ ਇਹ ਆਪਣੇ ਸਹਿ ਮਨੁੱਖਾਂ ਨਾਲ਼ ਸੰਵਾਦ ਰਚਾਉਂਦਾ ਰਿਹਾ। ਜਿਹੜਾ ਢੰਗ ਮਨੁੱਖ ਨੇ ਇਸ ਕਾਰਜ ਲਈ ਇਜਾਦ ਕੀਤਾ ਉਹ ਸੰਵਾਦ/ਗੋਸਟਿ ਦਾ ਸੀ। ਮਨੁੱਖ ਆਪਸੀ ਗੱਲਬਾਤ ਨਾਲ਼ ਕਿਸੇ ਵੀ ਮਸਲੇ ਸੰਬੰਧੀ ਵਿਚਾਰਾਂ ਕਰ ਆਪਣੇ ਮਸਲੇ ਹੱਲ ਕਰਦਾ ਹੈ ਅਤੇ ਇਸੇ ਵਿਚਾਰਾਂ ਦੇ ਆਦਾਨ-ਪਰਦਾਨ ਨੂੰ ਗੋਸ਼ਟੀ ਦਾ ਨਾਮ ਦਿੱਤਾ ਜਾਂਦਾ ਹੈ।

ਗੋਸਟਿ ਨੂੰ ਅੰਗਰੇਜ਼ੀ ਦੇ *ਦਣਾਂਟੂਘਓਣ/ਦਣਸ਼ਛਓਸ਼ਸ਼ਨੂਵ/ਦਣਭਾਂਥਣ* ਦੇ ਸਮਾਨਅਰਥਕ ਰੂਪ ਵਿੱਚ ਲਿਆ ਜਾਂਦਾ ਹੈ ਜਿਸਦਾ ਮੂਲ ਅਰਥ ਵਾਰਤਾਲਾਪ ਜਾਂ ਗੱਲਬਾਤ ਨਾਲ਼ ਜੋੜਿਆ ਜਾਂਦਾ ਹੈ। ਗੋਸਟੀਆਂ ਅਤੇ ਸੰਵਾਦ ਦਰਮਿਆਨ ਬਾਰੀਕ ਫ਼ਰਕ ਹੈ। ਸੰਵਾਦ ਅਤੇ ਗੋਸਟਿ ਦੋਵੇਂ ਚਰਚਾ ਨਾਲ਼ ਜੁੜੇ ਵਿਸ਼ੇ ਹਨ ਪਰ ਜਿੱਥੇ ਸਿਧਾਂਤਕ ਰੂਪ ਵਿੱਚ ਗੋਸਟਿ ਸਿਰਫ਼ ਦੋ ਜਾਂ ਦੋ ਵਧੇਰੇ ਵਿਅਕਤੀਆਂ ਦਰਮਿਆਨ ਹੋ ਸਕਦੀ ਉੱਥੇ ਸੰਵਾਦ ਖ਼ੁਦ ਨਾਲ਼ ਵੀ ਹੋ ਸਕਦਾ ਹੈ। ਇਹ ਭੇਦ ਸਿਰਫ਼ ਇਸਦੇ ਧਾਤੂ ਸ਼ਬਦ ਕਰਕੇ ਹੀ ਹੈ ਪਰ ਵਿਹਾਰਕ ਰੂਪ ਵਿੱਚ ਦੋਵੇਂ ਰੂਪਾਂ ਵਿੱਚ ਇੱਕ ਅਤੇ ਵਧੇਰੇ ਲੋਕਾਂ ਤੋਂ ਲੈ ਕੇ ਖ਼ੁਦ ਨਾਲ਼ ਵੀ ਗੋਸਟਿ ਕੀਤੀ ਜਾ ਸਕਦੀ ਹੈ ਜਿਸਨੂੰ ਸਵੈ-ਗੋਸਟਿ ਜਾਂ ਮੌਨ-ਗੋਸਟਿ ਦਾ ਨਾਮ ਦਿੱਤਾ ਜਾ ਸਕਦਾ ਹੈ। ਕਦੇ ਇਹ ਔਖੇ ਉਲਝੇ ਮਸਲਿਆਂ ਨੂੰ ਲੈ ਕੇ ਹੀ ਕੀਤੀ ਜਾਂਦੀ ਸੀ, ਕਦੇ ਪ੍ਰਾਚੀਨ ਦਾਰਸ਼ਨਿਕ ਵਿਸ਼ਿਆਂ ਨਾਲ਼ ਸੰਬੰਧਤ ਰਹੀ, ਕਦੇ ਗਲਪ ਅਤੇ ਨਾਟਕੀਅਤਾ ਦਾ ਰੂਪ ਵੀ ਰਹੀ, ਕਦੇ ਲੇਖਕ ਅਤੇ ਪਾਠਕ ਦਰਮਿਆਨ ਰਿਸ਼ਤੇ ਦੀ ਜਾਮਨੀ ਵੀ ਰਹੀ ਅਤੇ ਕਦੇ ਇਹ ਭਾਸ਼ਾਈ ਸੁਭਾਅ ਦੀ ਚਾਬੀ ਵੀ ਬਣੀ। ਹਰ ਰੂਪ ਵਿੱਚ ਇਹ ਸਾਹਿਤ ਨੂੰ ਮੁਖ਼ਾਤਿਬ ਹੁੰਦੀ ਰਹੀ। ਇਸਨੇ ਹਰ ਕਾਲ ਖੰਡ ਵਿੱਚ ਲਿਖਤੀ ਸਾਹਿਤ ਦੇ ਠਹਿਰਾਓ ਨੂੰ ਭੰਗ ਕੀਤਾ ਅਤੇ ਗੱਲਬਾਤ ਨੂੰ ਅਗਾਂਹ ਤੋਰਿਆ। ਇਹ ਬੀਤੇ ਨਾਲ਼ ਚਰਚਾ ਕਰ ਨਵੀਆਂ ਪਿਰਤਾਂ ਨੂੰ ਰਾਹ ਬਣਾਉਂਦੀ ਰਹੀ ਹੈ। ਡਾ. ਰਤਨ ਸਿੰਘ ਜੱਗੀ ਗੋਸਟ/ਗੋਸਟਿ ਨੂੰ ਬਿਆਨ ਕਰਦੇ ਦੱਸਦੇ ਹਨ ਕਿ:

> "ਗੋਸ਼ਟ' ਸ਼ਬਦ ਸੰਸਕ੍ਰਿਤ ਦੀ ਗੋਸ਼ਠ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਇਕੱਠਾ ਕਰਨਾ। ਪਹਿਲਾਂ ਇਹ ਸ਼ਬਦ ਗਊਆਂ ਦੇ ਠਹਿਰਨ ਦੀ ਥਾਂ ਲਈ ਵਰਤਿਆ ਜਾਂਦਾ ਸੀ, ਪਰ ਕਾਲਾਂਤਰ ਵਿੱਚ ਇਸ ਦੀ ਵਰਤੋਂ ਇਕੱਠੇ ਮਿਲ ਕੇ ਬੈਠੇ ਲੋਕਾਂ ਵਿਚਲੀ ਗੱਲਬਾਤ, ਵਾਰਤਾਲਾਪ ਜਾਂ ਵਿਚਾਰ-ਚਰਚਾ ਲਈ ਹੋਣ ਲੱਗੀ ਅਤੇ ਇਸ ਵਿਚਾਰ-ਚਰਚਾ ਦਾ ਲਿਖਤ ਰੂਪ 'ਗੋਸਟਿ' ਕਿਹਾ ਜਾਣ ਲੱਗ ਪਿਆ। ਅੱਜ ਕੱਲ੍ਹ ਸਾਹਿਤਕ ਸੈਮੀਨਾਰਾਂ ਨੂੰ 'ਗੋਸ਼ਟੀ' ਕਿਹਾ ਜਾਂਦਾ ਹੈ।"(1)

ਇੰਞ ਹੀ ਭਾਈ ਕਾਨ੍ਹ ਸਿੰਘ ਨਾਭਾ ਗੋਸਟਿ ਦੇ ਅਰਥ ਕਰਦੇ ਆਖਦੇ ਹਨ-

> "ਗੋਸਟਿ- ਸੰਗਯਾ-ਗਊਆਂ ਦੇ ਠਹਿਰਨ ਦੀ ਥਾਂ, ਗੋਸ਼ਾਲਾ। ਸੰਗੋਸ਼ੀ, ਸਭਾ, ਮਜਲਿਸ।
> ਭਾਵ- ਸਭਾ ਵਿੱਚ ਵਾਰਤਾਲਾਪ, ਚਰਚਾ"(2)

ਗੋਸਟਿ ਵਿੱਚ ਕਿਸੇ ਇੱਕ ਵਿਸ਼ੇ ਨੂੰ ਕੇਂਦਰ ਵਿੱਚ ਰੱਖਦੇ ਹੋਏ ਉਸ 'ਤੇ ਚਰਚਾ ਕੀਤੀ ਜਾਂਦੀ ਹੈ। ਇਸ ਰਾਹੀਂ ਬਹੁਤ ਗਹਿਨ ਗੰਭੀਰ ਅਤੇ ਸੂਖਮ ਚਰਚਾ ਕਰ ਕਿਸੇ ਮਸਲੇ ਬਾਰੇ ਵਿਚਾਰਾਂ ਹੁੰਦੀਆਂ ਹਨ। ਇਸ ਵਿੱਚ ਕਈ ਵਾਰੀ ਨਾਟਕੀ ਰੰਗ ਵੀ ਵੇਖਣ ਨੂੰ ਮਿਲਦਾ ਹੈ ਅਤੇ ਮਿਥਿਹਾਸਕ ਪਾਤਰਾਂ ਤੋਂ ਲੈ ਕੇ ਸਮਕਾਲੀ ਪਾਤਰਾਂ ਦੀਆਂ ਗੋਸਟੀਆਂ ਕਰਵਾਈਆਂ ਜਾਂਦੀਆਂ ਹਨ। ਗੈਬੀ ਸ਼ਕਤੀਆਂ ਰਾਹੀਂ ਕਈ ਬਿਰਤਾਂਤ ਸਿਰੇ ਚਾੜ੍ਹੇ ਜਾਂਦੇ ਹਨ ਅਤੇ ਕਈ ਨਾਮੁਮਕਿਨ ਕਾਰਜਾਂ ਨੂੰ ਸ਼ਕਲ ਦਿੱਤੀ ਜਾਂਦੀ ਹੈ। ਗੋਸਟਿ ਵਿੱਚ ਪਤਾਰਾਂ ਦਾ ਸਮਕਾਲੀ ਹੋਣਾ ਲਾਜ਼ਮੀ ਸ਼ਰਤ ਨਹੀਂ ਹੈ, ਇੱਕ ਇਤਿਹਾਸਕ ਅਤੇ ਦੂਜਾ ਮਿਥਿਹਾਸਕ ਪਾਤਰ ਵੀ ਹੋ ਸਕਦਾ ਹੈ। ਪਾਤਰਾਂ ਦੀ ਥਾਵੇਂ ਗੋਸ਼ਟਿ ਆਤਮ ਅਤੇ ਪਰਮਾਤਮ ਰੂਪ ਵਿੱਚ ਵੀ ਹੋਈਆਂ ਮਿਲਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਆਤਮਾ ਅਤੇ ਸਰੀਰ ਦੀ ਪਰਾ-ਮਨੋਵਿਗਿਆਨਕ ਗੋਸਟਿ ਦਿੱਤੀ ਪ੍ਰਾਪਤ ਹੁੰਦੀ ਹੈ। ਗੋਸਟਿ ਨਾਲ਼ ਜਿਗਿਆਸੂ ਇੱਕ ਖ਼ਾਸ ਕਿਸਮ ਦੀ ਤਸੱਲੀ ਅਨੁਭਵ ਕਰਦਾ ਹੈ। ਨਵੀਨ ਮਤ ਜਾਂ ਨਵੀਨ ਦਰਸ਼ਨ ਆਪਣੇ ਤੋਂ ਪਿਛਲੇਰੇ ਮਤਾਂ ਅਤੇ ਦਰਸ਼ਨਾਂ ਵਿਚਲੀਆਂ ਖਾਮੀਆਂ ਨੂੰ ਦਰਸਾ ਕੇ ਆਪਣੇ ਮਤ ਦਰਸ਼ਨ ਦੀ ਸਥਾਪਤੀ ਕਰਦਾ ਹੈ।

ਗੋਸਟਾਂ ਸਦਾ ਹੀ ਕੀਤੀਆਂ ਜਾਂਦੀਆਂ ਰਹੀਆਂ ਹਨ ਤਾਂ ਜੋ ਹਕੀਕਤ ਤੱਕ ਪਹੁੰਚਿਆ ਜਾ ਸਕੇ। ਲਗਭਗ ਹਰ ਵੱਡੀ ਭਾਸ਼ਾ ਦਾ ਸਾਹਿਤਕ ਰੂਪ ਉਸਦੇ ਧਾਰਮਕ ਸਾਹਿਤ ਤੋਂ ਸ਼ੁਰੂ ਹੁੰਦਾ ਹੈ ਅਤੇ ਇਸੇ ਲਈ ਹਰ ਧਰਮ ਨੇ ਆਪਣੀ ਇੱਕ ਭਾਸ਼ਾ ਨਿਸ਼ਚਤ ਵੀ ਕਰ ਲਈ ਹੈ। ਜਦੋਂ ਗੁਰੂ, ਪੈਗੰਬਰ ਜਾਂ ਧਰਮ ਆਗੂ ਆਪਣੇ ਵਿਚਾਰਾਂ ਨੂੰ ਆਪਣੇ ਚੇਲਿਆਂ ਅਤੇ ਹੋਰ ਜਿਗਿਆਸੂਆਂ ਤੱਕ ਪਹੁੰਚਾਉਂਦੇ ਸਨ ਤਾਂ ਇਸੇ ਵਿਧੀ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਪ੍ਰਾਚੀਨ ਭਾਰਤੀ ਦਰਸ਼ਨ ਦੇ ਨਾਲ਼-ਨਾਲ਼ ਯੂਨਾਨੀ ਦਰਸ਼ਨ ਦਾ ਆਰੰਭ ਵੀ ਇਸੇ ਵਿਧੀ ਰਾਹੀਂ ਸਾਕਾਰ ਹੋਇਆ ਹੈ। ਪੂਰਬ ਵਿੱਚ ਸ਼ੰਕਰਾਚਾਰੀਆਂ ਦੀਆਂ ਗੋਸ਼ਟਾਂ ਦਾ ਖ਼ਾਸ ਚਰਚਾ ਰਿਹਾ ਹੈ। ਉਹ ਜਿਸ ਖਿੱਤੇ ਵਿੱਚ ਵੀ ਗਏ ਉਹਨਾਂ ਗੋਸ਼ਟਾਂ ਕਰ ਆਪਣੇ ਵਿਰੋਧੀਆਂ ਨੂੰ ਹਰਾਇਆਂ ਅਤੇ ਆਪਣੇ ਮਤ ਦੇ ਮੁਰੀਦ ਬਣਾ ਲਿਆ। ਉਹਨਾਂ ਦੀਆਂ ਇਹਨਾਂ ਗੋਸ਼ਟਾਂ ਨੂੰ ਮਾਧਵਾਚਾਰਿਆ ਨੇ ਆਪਣੀ ਪੁਸਤਕ 'ਦਿਗਵਿਜੈ' ਵਿੱਚ ਅੰਕਤ ਕੀਤਾ ਹੈ। ਇੰਞ ਹੀ ਸੁਕਰਾਤ (ਸੂਛੜਾਂਥਏਸ਼) ਦੇ ਸਿਧਾਂਤ ਸਾਡੇ ਤੱਕ ਪਹੁੰਚਾਉਣ ਦਾ ਕਾਰਜ ਉਸਦੇ ਚੇਲੇ ਪਲੈਟੋ (ਪਟਾਂਥੂ) ਰਾਹੀਂ ਗੋਸਟਾਂ ਰਾਹੀਂ ਮੁਮਕਿਨ ਹੋਇਆ ਹੈ। ਕੁਝ ਚੇਲੇ ਜਾਂ ਨਾਲ਼ ਦੇ ਦਾਰਸ਼ਨਿਕ ਸੁਆਲ ਕਰਦੇ ਹਨ ਅਤੇ ਸੁਕਰਾਤ ਉਹਨਾਂ ਦਾ ਉੱਤਰ ਦੇ ਜਾਂ ਉਹਨਾਂ ਨਾਲ਼ ਕਿਸੇ ਮਸਲੇ ਬਾਰੇ ਵਿਚਾਰ ਕਰ ਆਪਣਾ ਪੱਖ ਸਥਾਪਤ ਕਰਦਾ ਹੈ। ਇਸ ਢੰਗ ਨਾਲ਼ ਪੁੱਛਣ ਵਾਲ਼ੇ ਅਤੇ ਪੜ੍ਹਨ ਵਾਲੇ ਦੋਵੇਂ ਕਿਸਮ ਦੇ ਜਿਗਿਆਸੂਆਂ ਅਤੇ ਸ਼ੰਕਾਲੂਆਂ ਨੂੰ ਆਪਣੇ ਜੁਆਬ ਲਿ ਜਾਂਦੇ ਹਨ। ਆਜਿਹਾ ਕੋਈ ਧਰਮ ਗ੍ਰੰਥ ਨਹੀਂ ਜਿਸ ਵਿੱਚ ਗੋਸਟਿ ਜਾਂ ਸੰਵਾਦ ਵੀ ਵਰਤੋਂ ਨਾ ਹੋਵੇ। ਰਿਗਵੇਦ ਨੂੰ ਦੁਨੀਆ ਦੇ ਸਾਹਿਤ ਵਿੱਚ ਸਭ ਤੋਂ ਪਹਿਲੀ ਕਿਰਤ ਮੰਨਿਆ ਗਿਆ ਹੈ, ਜਿਸਦੀ ਉਮਰ ਪੰਜ ਹਜ਼ਾਰ ਸਾਲ ਦੇ ਕਰੀਬ ਹੋ ਗਈ ਹੈ ਅਤੇ ਇਸ ਵਿੱਚ ਵਰਤਿਆ ਗਿਆ ਢੰਗ ਵੀ

ਗੋਸਟਿ/ਸੰਵਾਦ ਦਾ ਹੈ। ਸਾਮਵੇਦ, ਅਥਰਵਵੇਦ ਅਤੇ ਯਜੁਰਵੇਦ ਵਿੱਚ ਰਿਗਵੇਦ ਦੀਆਂ ਗੋਸਟਾਂ ਨੂੰ ਹੀ ਦੁਹਰਾਇਆ ਅਤੇ ਵਧਾਇਆ ਗਿਆ ਹੈ। ਇਸੇ ਦੇ ਨਾਲ਼ ਕੁਝ ਮੌਲਿਕ ਗੋਸਟਾਂ ਵੀ ਮੌਜੂਦ ਹਨ। ਵੇਦ ਰਿਸ਼ੀਆਂ ਮਗਰੋਂ ਇਹੀ ਢੰਗ ਮਹਾਤਮਾ ਬੁੱਧ ਅਤੇ ਮਹਾਵੀਰ ਜੈਨ ਨੇ ਅਪਣਾਇਆ। ਇਹੀ ਵਿਧੀ ਬ੍ਰਾਹਮਣ ਗ੍ਰੰਥਾਂ, ਉਪਨਿਸ਼ਧਾਂ, ਕਾਮਸੂਤਰ, ਕੌਟਲਯ ਦੇ ਅਰਥ ਸ਼ਾਸਤਰ, ਤੁਲਸੀਦਾਸ ਦੀ ਰਾਮ ਚਰਿੱਤ ਮਾਨਸ, ਮਿਲਿੰਦ ਪ੍ਰਸ਼ਨ ਅਤੇ ਗੀਤਾ ਵਿੱਚ ਕ੍ਰਿਸ਼ਨ ਅਰਜੁਨ ਦੀਆਂ ਗੋਸਟਾਂ ਵਿੱਚ ਵੀ ਅਪਣਾਈ ਗਈ ਹੈ। ਉਪਨਿਸ਼ਧਾਂ ਵਿੱਚ ਗੋਸ਼ਟਾਂ ਕਰ ਕੇ ਹੀ ਮੂਲ ਤੱਤ ਸੰਬੰਧੀ ਸੁਆਲ ਹੱਲ ਕੀਤੇ ਗਏ ਹਨ। ਬੋਧੀਆਂ ਅਤੇ ਨਿਆਇਕਾਂ ਦਰਮਿਆਨ ਗੋਸਟਾਂ, ਚਾਰਵਾਕ, ਦਵੈਤ-ਅਦਵੈਤਵਾਦ-ਵਿਸ਼ਿਸ਼ਿਟਾਦਵੈਤਵਾਦ ਗੋਸਟਾਂ ਦਰਸ਼ਨ ਦੇ ਖੇਤਰ ਵਿੱਚ ਹੋਈਆਂ ਅਤਿ ਗਹਿਨ ਗੋਸਟਾਂ ਵਿਚੋਂ ਹਨ। ਭਾਵੇਂ ਗੋਸਟਾਂ ਦਾ ਖੇਤਰ ਕੋਈ ਸੀਮਤ ਖੇਤਰ ਨਹੀਂ ਪਰ ਬਹੁਤੀਆਂ ਗੋਸਟਾਂ ਧਾਰਮਕ ਅਤੇ ਦਾਰਸ਼ਨਿਕ ਖੇਤਰਾਂ ਵਿੱਚ ਹੋਈਆਂ ਹਾਸਲ ਹੁੰਦੀਆਂ ਹਨ। ਇਸ ਵਿਧੀ ਦੀ ਵਰਤੋਂ ਅਜੋਕੇ ਸਾਹਿਤ ਰੂਪਾਂ ਤੋਂ ਲੈ ਕੇ ਸਿਆਸਤ ਅਤੇ ਮੀਡੀਆ ਦੇ ਖੇਤਰ ਵਿੱਚ ਬਹੁਤਾਇਤ ਰੂਪ ਵਿੱਚ ਆਣ ਪਹੁੰਚੀ ਹੈ। ਮੁਲਕਾਂ ਦੇ ਅੰਤਰ-ਕੌਮੀ ਮਸਲਿਆਂ ਤੇ ਗੋਸਟਾਂ ਹੁੰਦੀਆਂ ਰਹਿੰਦੀਆਂ ਹਨ। ਹਰ ਮੁਲਕ ਇਸ ਵਿਧੀ ਨੂੰ ਅਪਣਾਅ ਰਿਹਾ ਹੈ। ਇਸ ਵਿਧੀ ਨਾਲ਼ ਹੀ ਸਾਰੇ ਬਹੁ-ਕੌਮੀ ਮਸਲੇ ਹੱਲ ਕਰਨ ਦੀ ਰਵਾਇਤ ਸਥਾਪਤ ਹੋ ਰਹੀ ਹੈ। ਪਰ ਜਿੱਥੋਂ ਤੱਕ ਅਲਮੀ ਹਾਲਾਤ ਵਿਖਾਈ ਦਿੰਦੇ ਹਨ ਇਸਦੀ ਵਰਤੋਂ ਸੁੱਚੇ ਰੂਪ ਵਿੱਚ ਹੁੰਦੀ ਨਹੀਂ ਦਿਖਦੀ। ਜਿੱਥੇ ਇਸ ਵਿਧੀ ਦਾ ਨਿਸ਼ਾਨਾ ਸੱਚ ਦੀ ਭਾਲ਼ ਕਰ ਉਸਤੇ ਅਮਲ ਕਰਨਾ ਸੀ ਉੱਥੇ ਇਹ ਸਿਰਫ਼ ਜੰਗ ਦਾ ਇੱਕ ਰੂਪ ਹੀ ਇਖਤਿਆਰ ਕਰ ਗਈ ਹੈ। ਸੰਵਾਦ ਦੇ ਅੰਤਰਗਤ ਜਲਪ ਅਤੇ ਵਿਤੰਡਾ ਦੋ ਹੋ ਭੇਦ ਆਉਂਦੇ ਹਨ ਜਿਹਨਾਂ ਦਾ ਮਕਸਦ ਸਿਰਫ਼ ਜਿੱਤ ਪ੍ਰਾਪਤ ਕਰਨਾ ਹੁੰਦਾ ਹੈ ਭਾਵੇਂ ਗੱਲ ਕਿਸੇ ਦੀ ਵੀ ਸਹੀ ਹੋਵੇ ਪਰ ਆਪਣੀ ਗੱਲ 'ਤੇ ਅੜੇ ਰਹਿ ਆਪਣੀ ਗੱਲ ਨੂੰ ਹੀ ਸਹੀ ਮੰਨਦੇ ਰਹਿਣਾ ਇਸਦਾ ਖਾਸਾ ਹੈ। ਸੋ ਗੋਸਟਿ ਦੀ ਅਸਲ ਰੂਹ ਤੋਂ ਦੂਰ ਹਟ ਇਸ ਜਲਪ ਵਿਤੰਡੇ ਨੂੰ ਜ਼ਿਆਦਾ ਅਪਣਾਇਆ ਜਾ ਰਿਹਾ ਹੈ।

ਵੈਦਿਕ ਕਾਲ ਵਿੱਚ ਗੋਸਟੀਆਂ ਲਈ 'ਬ੍ਰਹਮੋਦਅ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਬ੍ਰਹਮੋਦਅ ਅਜਿਹੀ ਤਕਨੀਕੀ ਸ਼ਬਦਾਵਲੀ ਹੈ ਜੋ ਗਿਆਨ ਮੀਮਾਂਸਕ ਜਾਂ ਸੱਤਾ ਮੀਮਾਂਸਕ ਮਸਲਿਆਂ 'ਤੇ ਚਰਚਾ, ਸੰਵਾਦ ਕਰਵਾਉਣ ਲਈ ਵਰਤੀ ਜਾਂਦੀ ਸੀ...ਜਿਸ ਸੰਵਾਦ ਵਿੱਚ ਤਲਖ਼ ਚਰਚਾਵਾਂ ਅਤੇ ਪ੍ਰਤੀਉੱਤਰ ਸ਼ਾਮਲ ਹੋਣ ਉਹਨਾਂ ਨੂੰ 'ਵਾਕੋਵਾਕਅ' ਕਿਹਾ ਜਾਂਦਾ ਸੀ ਅਤੇ ਕਈ ਵਾਰ ਇਸਨੂੰ 'ਬ੍ਰਹਮੋਦਅ' ਦੇ ਸਮਾਨਅਰਥਕ ਵਜੋਂ ਵੀ ਵਰਤ ਲਿਆ ਜਾਂਦਾ ਸੀ।

> "ਇਸੀਭਾਸੀਆਇਨ ਗ੍ਰੰਥ ਵੈਦਿਕ, ਅਜਿਵਾਕ, ਚਾਰਵਾਕ, ਬੁੱਧ ਅਤੇ ਜੈਨ ਪਰੰਪਰਾਵਾਂ ਦੇ ਵਿਚਵਾਨਾਂ ਦੀਆਂ ਗੋਸ਼ਟੀਆਂ ਦਾ ਸੰਕਲਨ ਹੈ।" (3)

> "ਮਹਾਂਭਾਰਤ ਵਿੱਚ ਸੰਵਾਦ ਸ਼ਬਦ ਦੀ ਵਰਤੋਂ ਉੱਚ ਪੱਧਰੀ ਚਰਚਾ (ਦੋ ਵਿਦਵਾਨਾਂ ਦਰਮਿਆਨ) ਲਈ ਵਰਤਿਆ ਗਿਆ ਹੈ ਜੋ ਚਰਚਾ ਕਿਸੇ ਨਸਲ ਦੀ ਸਮੂਹਕ ਯਾਦਦਾਸ਼ਤ ਵਿੱਚ ਭੂਤਕਾਲ ਅਤੇ ਜੀਵਨ ਵਿੱਚ ਵਾਪਰਦੀ ਹੈ। ਇਸ ਕਿਸਮ ਦਾ

> ਸੰਵਾਦ ਇਤਿਹਾਸ ਬਣ ਗਿਆ ਹੈ। ਅਜਿਹੇ ਅਨੇਕਾਂ ਸੰਵਾਦ ਮਹਾਂਭਾਰਤ ਵਿੱਚੋਂ ਪ੍ਰਾਪਤ ਹੁੰਦੇ ਹਨ"।(4)

ਨਿਆਇ ਪ੍ਰਬੰਧ ਵਿੱਚ ਗੌਤਮ ਹਰ ਕਿਸਮ ਦੀ ਵਿਚਾਰ, ਚਰਚਾ, ਸੰਵਾਦ, ਵਾਦ, ਵਾਰਤਾਲਾਪ ਲਈ 'ਕਥਾ' ਸ਼ਬਦ ਦੀ ਵਰਤੋਂ ਕਰਦੇ ਹਨ। 'ਕਥਾ' ਦੀਆਂ ਅਨੇਕਾਂ ਕਿਸਮਾਂ ਹੋ ਸਕਦੀਆਂ ਹਨ...। ਪਰ ਇਹਨਾਂ ਨੂੰ ਸੁਭਾਅ ਅਨੁਸਾਰ — ਮਿੱਤਰਤਾਪੂਰਵਕ ਅਤੇ ਵੈਰੀਪੂਰਵਕ ਵਿੱਚ ਵੰਡਿਆ ਗਿਆ ਹੈ, ਪਰ ਇਸ ਵੰਡ ਦੀਆਂ ਹੋਰ ਸ਼ਰਤਾਂ ਵੀ ਹੋ ਸਕਦੀਆਂ ਹਨ। ਇਹ 'ਕਥਾ' ਚਰਚਾ, ਸੰਵਾਦ ਜਾਂ ਵਾਦ ਦੀ ਥੀਮ ਜਾਂ ਵਿਸ਼ੇ 'ਤੇ ਆਧਾਰਤ ਦਾਰਸ਼ਨਿਕ, ਨਿਆਇਕ, ਸਮਾਜਕ ਜਾਂ ਧਾਰਮਕ ਹੋ ਸਕਦੀ ਹੈ। ਸੰਵਾਦ ਦੀ ਅਜੋਕੀ ਦਿਸ਼ਾ ਬਾਰੇ ਚਰਚਾ ਕਰਦੇ ਹੋਏ ਆਧੁਨਿਕ ਬਹੁਲਤਾਵਾਦੀ ਚਿੰਤਕ ਐਲਨ ਰੇਸ (ਾਟਾਂਢ ਗਾਂਛਣ) ਸੰਵਾਦ ਨੂੰ ਤਿੰਨ ਭੇਦਾਂ ਵਿੱਚ ਸਥਾਪਤ ਕਰਦਾ ਹੈ। ਆਧਨਿਕ ਸੰਵਾਦ ਮੰਚ ਉੱਪਰ ਵਿੱਚ ਇਹ ਸ਼੍ਰੇਣੀਆਂ ਸਰਵ ਪ੍ਰਵਾਨਿਤ ਹਨ- ਵਿਸ਼ਿਸ਼ਿਟਤਾਵਾਦ (ਓਣਛਟੳਸ਼ਲੂਲਸ਼ਙ), ਸੰਮਲਿਤਵਾਦ (ੀਢਛਟੳਸ਼ਲੂਲਸ਼ਙ) ਅਤੇ ਬਹੁਲਤਾਵਾਦ (ਪਟੳਡਾਂਟਲਸ਼ਙ) ਜਦੋਂ ਕੋਈ ਵਿਅਕਤੀ ਇਹ ਕਹਿੰਦਾ ਹੈ ਕਿ ਸਾਨੂੰ ਦੂਜੇ ਨੂੰ ਸਹਿਣ ਕਰਨਾ ਚਾਹੀਦਾ ਹੈ ਜਿਵੇਂ ਕਿ ਬਹੁਤੇ ਬਹੁਲਤਾਵਾਦੀ ਵਿਦਵਾਨ ਆਖਦੇ ਹਨ ਤਾਂ ਉਹਨਾਂ ਦਾ ਇਹ ਕਹਿਣਾ ਵੀ ਦੂਜੇ ਦੇ ਦੂਜੇਪਣ ਨੂੰ ਨਕਾਰਨ ਤੋਂ ਬਾਅਦ ਹੀ ਉਭਰਦਾ ਹੈ। ਗੈਟੇ ਦੇ ਹਵਾਲੇ ਨਾਲ਼ ਪੀਟਰ। ਵੀ। ਜ਼ਿਮਾ ਆਖਦਾ ਹੈ ਕਿ ਗੈਟੇ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਸਹਿਣਸ਼ੀਲਤਾ ਦਾ ਭਾਵ ਮੁੱਖ ਤੌਰ 'ਤੇ ਨਕਾਰਨਾ ਅਤੇ ਰੱਦ ਕਰਨਾ ਹੀ ਹੈ,

> "ਤੱਥ ਦੇ ਤੌਰ 'ਤੇ ਸਹਿਣਸ਼ੀਲਤਾ ਨੂੰ ਅਸਥਾਈ ਭਾਵ ਤੋਂ ਵਧ ਕੇ ਹੋਰ ਕੁਝ ਵੀ ਨਹੀਂ ਮੰਨਣਾ ਚਾਹੀਦਾ, ਇਸਦਾ ਮਤਲਬ ਇਹੀ ਸਮਝਿਆ ਜਾਵੇ ਕਿ ਸਹਿਣ ਕਰਨਾ ਮਾਅਨੇ ਭੈੜਾ ਲੱਗਣਾ।"(5)

ਗੋਸਟਿ ਕੀਤੀ ਜਾਂਦੀ ਹੈ ਤਾਂ ਜੋ ਹਕੀਕਤ ਤੱਕ ਪਹੁੰਚਿਆ ਜਾ ਸਕੇ। ਜਿੰਨੀਆਂ ਧਿਰਾਂ ਇਸ ਵਿੱਚ ਸ਼ਾਮਲ ਹੋਣ ਉਹਨਾਂ ਲਈ ਲਾਜ਼ਮੀ ਹੈ ਕਿ ਉਹ ਇੱਕ ਦੂਜੇ ਦਾ ਆਦਰ ਸਤਿਕਾਰ ਕਰਨ ਅਤੇ ਦੂਜੇ ਦਾ ਗਿਆਨ ਦਾ ਅਦਬ ਕਰਨ, ਆਪਣੀ ਗੱਲ 'ਤੇ ਅੜ੍ਹੇ ਨਾ ਰਹਿਣ ਸਗੋਂ ਹਕੀਕਤ ਤੱਕ ਪਹੁੰਚਣ ਲਈ ਰਚਾਈ ਗੋਸਟਿ ਦੇ ਵਹਿਣ ਵਿੱਚ ਆਪਣੇ ਤੋਂ ਉਲਟ ਸਾਹਮਣੇ ਆਈ ਸੱਚਾਈ ਨੂੰ ਅਪਣਾਉਣ ਲਈ ਵੀ ਤਿਆਰ ਰਹਿਣ। ਭਾਈ ਗੁਰਦਾਸ ਗੁਰੂ ਨਾਨਕ ਸਾਹਿਬ ਅਤੇ ਸਿੱਧਾਂ ਦੀ ਗੋਸਟਿ ਦਾ ਹਵਾਲਾ ਦਿੰਦਿਆਂ ਸਿੱਧਾਂ ਨੂੰ ਛੁਟਿਆਉਂਦੇ ਨਹੀਂ ਬਲਕਿ ਉਹਨਾਂ ਦੇ ਗਿਆਨ ਦੀ ਵਡਿਆਈ ਕਰਦੇ ਹਨ। ਗੁਰੂ ਸਾਹਿਬ ਦਾ ਇਤਰਾਜ਼ ਇਹ ਹੈ ਕਿ ਗਿਆਨਵਾਨ ਹੁੰਦੇ ਹੋਏ ਸਿੱਧ ਆਪ ਪਰਬਤਾਂ 'ਤੇ ਆ ਬੈਠੇ ਹਨ ਅਤੇ ਥੱਲੇ ਸੰਸਾਰ ਵਿੱਚ ਉਥਲ-ਪੁਥਲ ਹੋ ਰਹੀ ਹੈ ਅਤੇ ਜੋਗੀ ਸੁਆਹ ਮਲ਼ ਘੁੰਮ ਰਹੇ ਹਨ ਜਦੋਂ ਕਿ ਲੋਕਾਂ ਨੂੰ ਗਿਆਨ ਦੇਣ ਦਾ ਕੰਮ ਸਿੱਧਾਂ ਦਾ ਸੀ, ਜੱਗ ਗੁਰੂ ਬਿਨਾਂ ਡੁੱਬ ਰਿਹਾ ਹੈ-

> *ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ*
> *ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗਿ ਲਗਾਇਨਿ ਛਾਰਾ*
> *ਬਾਝੁ ਗੁਰੂ ਡੁਬਾ ਜਗੁ ਸਾਰਾ*

(ਭਾਈ ਗੁਰਦਾਸ ਜੀ, ਵਾਰ ਪਹਿਲੀ)

"ਸੰਵਾਦ/ਗੋਸਟਿ ਕਿਸੇ ਖ਼ਾਸ ਮਸਲੇ ਬਾਰੇ ਵਿਚਾਰਾਂ, ਨਜ਼ਰੀਏ ਦਾ ਆਦਾਨ-ਪਰਦਾਨ ਹੁੰਦਾ ਹੈ, ਖ਼ਾਸਕਰ ਸਿਆਸੀ ਜਾਂ ਧਾਰਮਕ ਮਸਲੇ ਬਾਰੇ, ਇਸ ਨਜ਼ਰੀਏ ਨਾਲ਼ ਕਿ ਕਿਸੇ ਮਿੱਤਰਤਾਪੂਰਵਕ ਸਮਝੌਤੇ ਜਾਂ ਸੰਧੀ ਤੱਕ ਪਹੁੰਚਿਆ ਜਾ ਸਕੇ।"(6)

"ਲਾਹੇਵੰਦ ਸੰਵਾਦ ਲਈ ਸਾਰਿਆਂ ਲਈ ਜ਼ਰੂਰੀ ਹੈ ਕਿ ਉਹ ਕੁਝ ਗੱਲਾਂ 'ਤੇ ਸਹਿਮਤ ਹੋਣ ਅਤੇ ਕੁਝ ਤੇ ਅਸਹਿਮਤ। ਬਿਨਾਂ ਕਿਸੇ ਸਹਿਮਤੀ ਦੇ ਸੰਵਾਦ ਦੀ ਸ਼ੁਰੂਆਤ ਨਹੀਂ ਕੀਤੀ ਜਾ ਸਕਦੀ ਅਤੇ ਬਿਨਾਂ ਕਿਸੇ ਅਸਹਿਮਤੀ ਦੇ ਸੰਵਾਦ ਇਕਪਾਸੜ ਭਾਸ਼ਣ ਹੀ ਬਣ ਜਾਵੇਗਾ"(7)

ਆਪਣੀ ਪੁਸਤਕ 'ਦੀ ਵਰਕਸ ਆਫ਼ ਪਲੈਟੋ' (ਤੋਣ ਊੜਖਸ਼ੑ ਫ਼ ਪਟਾਂਬੂ) ਵਿੱਚ ਇਰਵਿਨ ਐਡਮਨ (ੀੜੈਂਣਵ ਧਿਡਾਂਞ) ਪਲੈਟੋ ਦੇ ਸੰਵਾਦਾਂ ਸੰਬੰਧੀ ਟਿੱਪਣੀ ਕਰਦਾ ਲਿਖਦਾ ਹੈ ਕਿ,

"ਯੂਥੀਫ੍ਰੋ ਦੋ ਪਰਿਭਾਸ਼ਾਵਾਂ ਦਾ ਅਨੁਮਾਨ ਲਗਾਉਂਦਾ ਹੈ ਅਤੇ ਦੋਵੇਂ ਹੀ ਸੁਕਰਾਤ ਦੇ ਵਲੇਟੇ ਦ੍ਰਿੜ ਤਰਕ ਉੱਤੇ ਨਸ਼ਟ ਹੋ ਜਾਂਦੀਆਂ ਹਨ... ਉਸਦਾ ਟੀਚਾ ਵਿਰੋਧੀ ਸੰਵਾਦ ਕਰਤਾ 'ਤੇ ਜਿੱਤ ਪਾਉਣਾ ਨਹੀਂ ਹੈ ਸਗੋਂ ਵਾਧੂ ਅਤੇ ਗ਼ਲਤ ਪਰਿਭਾਸ਼ਾਵਾਂ ਨੂੰ ਸਪਸ਼ਟ ਕਰਨਾ ਹੈ ਤਾਂ ਜੋ ਸਦਗੁਣ ਜਾਂ ਵਿਚਾਰ ਦੇ ਮੂਲ ਭਾਵ ਜਾਂ ਸੁਭਾਅ ਤੱਕ ਪਹੁੰਚਿਆ ਜਾ ਸਕੇ। ਹਾਲਾਂਕਿ ਉਸਦੇ ਬਹੁਤੇ ਸੰਵਾਦ ਅਣਸੁਲਝੇ ਰਹਿ ਜਾਂਦੇ ਹਨ ਪਰ ਸੁਕਰਾਤ ਇਹ ਨਹੀਂ ਮੰਨਦਾ ਕਿ ਇਨ੍ਹਾਂ ਦੀ ਪਰਿਭਾਸ਼ਾ ਅਸੰਭਵ ਹੈ... ਸੁਕਰਾਤ ਅਨੁਸਾਰ ਸੰਵਾਦ ਦੌਰਾਨ ਇੱਕ ਦਾਰਸ਼ਨਿਕ ਦੀ ਅਸਲੀ ਨਿਸ਼ਾਨੀ ਉਸਦੀ ਤਰਕ ਵਿੱਚ ਨਿਪੁੰਨਤਾ ਹੁੰਦੀ ਹੈ" ।(8)

ਪਲੈਟੋ ਦੇ ਮੁਢਲੇ ਸੰਵਾਦ, ਜਿਨ੍ਹਾਂ ਨੂੰ ਆਮ ਤੌਰ 'ਤੇ ਸੁਕਰਾਤ ਦੇ ਹੀ ਮੰਨ ਦੇ ਹੀ ਮੰਨ ਲਿਆ ਜਾਂਦਾ ਹੈ, ਉਨ੍ਹਾਂ ਵਿੱਚ ਮੁੱਖ ਤੌਰ 'ਤੇ ਨੈਤਿਕ ਪਦਾਂ ਦੀ ਪਰਿਭਾਸ਼ਾ ਦੀ ਭਾਲ਼ ਹੀ ਹੈ। ਹਾਲਾਂਕਿ ਜਦੋਂ ਇਹ ਕਿਹਾ ਜਾਂਦਾ ਹੈ ਕਿ ਸੰਵਾਦ ਵਿਧੀ ਦੀ ਸ਼ੁਰੂਆਤ ਪਲੈਟੋ ਦੁਆਰਾ ਇਕੱਠੇ ਕੀਤੇ ਸੁਕਰਾਤ ਦੇ ਸੰਵਾਦਾਂ ਨਾਲ਼ ਹੁੰਦੀ ਹੈ ਤਾਂ ਇਸ ਤੱਥ ਨੂੰ ਬਰਟਰੈਂਡ ਰਸਲ (ਬਣੜਥੜਾਂਵਧ ਰੁਓਸ਼ਸ਼ਣਟਟ) ਸਹੀ ਨਹੀਂ ਮੰਨਦਾ। ਉਸਦਾ ਆਖਣਾ ਹੈ ਕਿ ਇਹ ਵਿਧੀ ਸੁਕਰਾਤ ਤੋਂ ਪਹਿਲਾਂ ਵੀ ਹਾਜ਼ਰ ਹੀ ਅਤੇ ਦਵੰਦ/ਸੰਵਾਦ ਵਰਗੇ ਸ਼ਬਦ ਵੀ ਪਹਿਲਾਂ ਵਰਤੇ ਜਾ ਚੁੱਕੇ ਸਨ। ਸੰਵਾਦ ਬਾਰੇ ਰਸਲ ਦਾ ਕਹਿਣਾ ਹੈ ਕਿ,

"ਸੰਵਾਦ, ਜਿਸਨੂੰ ਕਿ ਸੁਆਲਾਂ ਅਤੇ ਜੁਆਬਾਂ ਰਾਹੀਂ ਗਿਆਨ ਪ੍ਰਾਪਤੀ ਦਾ ਢੰਗ ਮੰਨਿਆ ਜਾਂਦਾ ਹੈ, ਉਸਦੀ ਖੋਜ ਸੁਕਰਾਤ ਨੇ ਨਹੀਂ ਕੀਤੀ ਸੀ। ਅਜਿਹਾ ਜਾਪਦਾ ਹੈ ਕਿ ਇਸਦਾ ਢੁਕਵਾਂ ਅਭਿਆਸ ਸਭ ਤੋਂ ਪਹਿਲਾਂ *ਪਰਮੇਨਾਇਡਜ਼* (ਪਣੜਙਣਵਢਧਣਸ਼) ਦੇ ਚੇਲੇ *ਜ਼ੀਨੋ* (ੑਣਞੂ) ਰਾਹੀਂ ਕੀਤਾ ਗਿਆ" ।(9)

ਪੱਛਮੀ ਸੰਵਾਦਾਂ ਨਾਲ਼ ਇੱਕ ਹੋਰ ਸੰਵਾਦਾਂ ਦੀ ਲੜੀ ਜਿਓਰਦਾਨੋ ਬਰੂਨੋ (ਗਲ਼ੂਙ਼ਧਾਂਙੂ ਬਙ਼ਓਙੂ) ਦੇ ਨਾਂ ਨਾਲ਼ ਜਾ ਜੁੜਦੀ ਹੈ। ਉਸਨੂੰ ਜਿਉਂਦਿਆਂ ਸਾੜ ਦਿੱਤਾ ਗਿਆ ਸੀ। ਉਸਨੂੰ ਵਿਗਿਆਨਕ ਸੋਚ ਵਾਲ਼ਾ ਹੋਣ ਕਰਕੇ ਪਹਿਲੇ ਸ਼ਹੀਦ ਦਾ ਨਾਂ ਵੀ ਦਿੱਤਾ ਜਾਂਦਾ ਹੈ। ਕੁਲਦੀਪ ਸਿੰਘ ਧੀਰ ਬਰੂਨੋ ਬਾਰੇ ਜਾਣਕਾਰੀ ਦਿੰਦਿਆਂ ਦੱਸਦੇ ਹਨ ਕਿ,

> "ਬਰੂਨੋ ਨੇ 'ਇਟਾਲੀਅਨ ਡਾਇਲਾਗਜ਼' ਨਾਂ ਦੀ ਆਪਣੀ ਲੇਖ ਲੜੀ ਲਿਖਣੀ ਸ਼ੁਰੂ ਕੀਤੀ। ਇਸ ਵਿੱਚ ਉਸਨੇ ਆਪਣੇ ਚਿੰਤਨ ਦੀ ਨਿੱਠ ਕੇ ਵਿਆਖਿਆ ਕੀਤੀ" (10)

ਇਨ੍ਹਾਂ ਲੇਖਾਂ ਦੀ ਗਿਣਤੀ ਛੇ ਹੈ। ਤਿੰਨ ਦਾ ਸੰਬੰਧ ਬ੍ਰਹਿਮੰਡ ਦੇ ਜਨਮ, ਵਿਕਾਸ ਤੇ ਕਾਰਜ ਪ੍ਰਬੰਧ ਨਾਲ਼ ਹੈ ਅਤੇ ਤਿੰਨ ਦਾ ਨੈਤਿਕ ਚਿੰਤਨ ਨਾਲ਼। 1584 ਵਿੱਚ ਹੀ...'ਦਿ ਐਸ਼ ਵੈਡਨੈਸਡੇਅ ਸਪਰ' ਵਿੱਚ ਬ੍ਰਹਿਮੰਡ ਬਾਰੇ ਆਪਣੇ ਚਿੰਤਨ ਦੀ ਰੂਪ-ਰੇਖਾ ਉਲੀਕੀ। ਉਸਨੇ ਕਾਪਰਨੀਕਸ ਦੇ ਸੂਰਜ ਕੇਂਦਰਤ ਸਿਧਾਂਤ ਦਾ ਖੁੱਲ੍ਹ ਕੇ ਸਮਰਥਨ ਕੀਤਾ।... ਉਸਨੇ 'ਕਨਸਰਨਿੰਗ ਦਿ ਕਾਜ਼, ਪ੍ਰਿੰਸੀਪਲ ਐਂਡ ਵਨ' ਵਿੱਚ ਬ੍ਰਹਿਮੰਡ ਤੇ ਪਰਮਾਤਮਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਸ ਨੇ ਰੂਪ ਤੇ ਪਦਾਰਥ ਦੀ ਏਕਤਾ 'ਤੇ ਬਲ ਦੇ ਕੇ ਅਰਸਤੂ ਦੇ ਦਵੈਤਵਾਦੀ ਭੌਤਿਕ ਵਿਗਿਆਨ ਦਾ ਖੰਡਨ ਕੀਤਾ। ਇਸ ਹਵਾਲੇ ਵਿੱਚ ਕਾਪਰਨੀਕਸ ਦਾ ਨਾਲ ਸੰਵਾਦ ਵਿਧੀ ਨੂੰ ਹੋਰ ਪਿਛਾਂਹ ਤੱਕ ਵੀ ਲਿਜਾਇਆ ਜਾ ਸਕਦਾ ਹੈ। ਇਤਿਹਾਸਕ ਤੌਰ ਅਜਿਹੇ ਪ੍ਰਾਪਤ ਹੁੰਦੇ ਸੰਵਾਦਾਂ ਦੀ ਸੰਖਿਆ ਅਨੇਕਾਂ ਹੈ। ਕਿਸੇ ਵੇਲ਼ੇ ਯੋਗ ਮਤ ਦਾ ਜ਼ੋਰ ਸੀ। ਇਹ ਭਾਰਤੀ ਦਰਸ਼ਨ ਦੀ ਮਹੱਤਵਪੂਰਨ ਸ਼ਾਖਾ ਹੈ ਜੋ ਵੱਖੋ-ਵੱਖਰੇ ਸਮਿਆਂ ਵਿੱਚ ਭਾਰਤੀ ਦਰਸ਼ਨ ਦੇ ਖੇਤਰ ਵਿੱਚ ਛਾਈ ਰਹੀ ਹੈ। 'ਉਹ ਜੋਗੀ ਸਨ ਜੋ ਸ਼ੈਵਾਂ ਨਾਲ਼ ਮਿਲਦੇ-ਜੁਲਦੇ ਸਨ- ਔਘੜ ਪੰਥੀ ਅਤੇ ਨਾਥ ਪੰਥੀ। ਨਾਥ ਪੰਥੀਆਂ ਦਾ ਗੁਰੂ ਗੋਰਖ ਨਾਥ ਸੀ।...ਦੀਖਿਆ ਦੀ ਆਖਰੀ ਪੌੜੀ ਤੱਕ ਪਹੁੰਣ ਵਾਲੇ ਨੂੰ ਕੰਨ ਪਾਟੇ ਆਖਿਆ ਜਾਂਦਾ ਸੀ ਅਤੇ ਬਾਕੀਆਂ ਨੂੰ ਔਘੜ।...ਆਖਰੀ ਪੜਾਅ ਦੀ ਮੰਗ ਸੀ ਕਿ ਜੋਗੀ ਆਪਣੇ ਕੰਨ ਭੈਰਵੀ ਚਾਕੂ ਨਾਲ਼ ਪਾੜੇ ਅਤੇ ਮੁੰਦਰਾਂ ਪਹਿਨੇ।... ਉਹ ਗੋਦੜੀ ਪਹਿਨਦੇ ਸਨ ਅਤੇ ਖੱਪਰ ਲੈ ਕੇ ਮੰਗਣ ਜਾਂਦੇ ਸਨ। ਨਾਦ ਅਤੇ ਸਿੰਙੀ ਵਜਾਉਂਦੇ ਅਤੇ ਦੁਨੀਆਂ ਤੋਂ ਦੂਰ ਰਹਿੰਦੇ ਸਨ। ਜੇਹਲਮ ਵਿੱਚ ਮਸ਼ਹੂਰ ਟਿੱਲੇ ਤੋਂ ਇਲਾਵਾ ਪੰਜਾਬ ਵਿੱਚ ਜੋਗਮਤ ਦੇ ਅਨੇਕਾਂ ਡੇਰੇ ਹਨ ਜਿਵੇਂ- ਗੋਰਖ ਹਟੜੀ, ਮਖੱਦ, ਕਟਸ, ਜਖਬੜ, ਕਿਰਾਣਾ, ਕੁਹਾਟ, ਬਵਾਨਾ, ਬੋਹਰ, ਅਚੱਲ, ਕਾਹਨੂਵਾਨ, ਭੇਰਾ ਆਦਿ।' ਆਪਣੇ ਮਨ ਨੂੰ ਕਾਬੂ ਕਰਨਾ ਅਤੇ ਚਿੱਤ ਵਿੱਚ ਆਉਂਦੀ ਹਰ ਇੱਛਾ ਖੁਆਇਸ਼ ਨੂੰ ਖ਼ਤਮ ਕਰਨਾ ਹੀ ਯੋਗ ਦਾ ਮੁੱਢਲਾ ਮੰਤਰ ਹੈ। ਇਸਦੇ ਅੱਠ ਅੰਗ ਮੰਨੇ ਜਾਂਦੇ ਹਨ — ਯਮ, ਨਿਯਮ, ਪ੍ਰਾਣਾਯਾਮ, ਆਸਨ, ਪ੍ਰਤਿਹਾਰ, ਧਾਰਨਾ, ਧਿਆਨ ਤੇ ਸਮਾਧੀ।

> "ਬੁੱਧ ਮਤ ਦੀ ਬ੍ਰਜਯਾਨ ਸ਼ਾਖ ਦੇ ਤਾਂਤਰਕਿ ਯੋਗੀ ਸਿੱਧ ਆਖੇ ਜਾਂਦੇ ਸਨ। ਬ੍ਰਜਯਾਨੀ ਹਠਯੋਗ ਵਾਲੀ ਕ੍ਰਿਆ ਕਰਦੇ ਸਨ। ਹਠਯੋਗ ਤੋਂ ਸਿੱਧ ਸੰਪ੍ਰਦਾ ਚੱਲੀ। ਦਰਅਸਲ ਯੋਗ ਸਾਧਨਾ ਕਰਨ ਵਾਲਾ ਯੋਗੀ, ਸਿੱਧੀਆਂ ਪ੍ਰਾਪਤ ਕਰਨ ਵਾਲਾ ਸਿੱਧ ਤੇ ਇਨ੍ਹਾਂ ਸਿੱਧਾਂ ਵਿਚੋਂ ਮੁਖੀ, ਗੁਰੂ 'ਨਾਥ' ਕਿਹਾ ਜਾਂਦਾ ਹੈ।"(11)

ਨਾਥਾਂ ਜੋਗੀਆਂ ਨੇ ਆਪਣੇ ਅਕੀਦੇ ਤੋਂ ਉਲਟ ਕਾਰਜ ਆਰੰਭ ਦਿੱਤੇ ਅਤੇ ਜਿਹੜੀ ਪ੍ਰਾਪਤੀ ਉਹਨਾਂ ਕਰਨੀ ਹੁੰਦੀ ਸੀ ਉਸ ਲਈ ਅਨੇਕਾਂ ਹੀ ਮੁਸ਼ਕਲ ਸਾਧਨਾਂ ਦਾ ਆਸਰਾ ਲਿਆ ਜਾਂਦਾ ਸੀ

> "ਹੌਲੀ-ਹੌਲੀ ਸਾਧਨਾ ਵੀ ਘਟ ਗਈ, ਕੇਵਲ ਬਾਹਰਲਾ ਭੇਖ ਮਾਤ੍ਰ ਰਹਿ ਗਿਆ। ਮੁੰਦਰਾਂ ਪਾਉਣੀਆਂ, ਜਟਾਂ ਵਧਾਉਣੀਆਂ, ਪਿੰਡੇ ਤੇ ਸੁਆਹ ਮਲਣੀ, ਧੂੰਣੇ ਤਾਪਣਾ, ਆਸਣ ਲਾਉਣਾ, ਬਰਤ ਰਖਣਾ, ਉਦਰ ਪੂਰਨਾ ਲਈ ਭਿਖਿਆ ਮੰਗਣਾ ਤੇ ਜੰਤਰ ਮੰਤਰ ਕਰਨਾ ਆਦਿ।...ਜੋਗੀਆਂ ਦਾ ਪੰਥ ਸੰਸਾਰ-ਤਿਆਗ ਜਾਂ ਬਿਰਕਤੀ ਧਾਰਨ ਨੂੰ ਪਹਿਲੀ ਤੇ ਲਾਜ਼ਮੀ ਗੱਲ ਮੰਨਦਾ ਸੀ ਜੋ ਸੰਸਾਰੀ ਜੀਵਨ ਲਈ ਢੁਕਵਾਂ ਨਹੀਂ ਸੀ।"(12)

ਸਿੱਧਾਂ ਨੇ ਅਜਿਹੇ ਹੀ ਅਨੇਕਾਂ ਕਰਮਕਾਂਡਾਂ ਨੂੰ ਆਪਣਾ ਅਕੀਦਾ ਬਣਾ ਲਿਆ ਅਤੇ ਲੋਕਾਂ ਨੂੰ ਪਿੱਛੇ ਲਾਉਣਾ, ਆਪਣੀ ਭਗਤੀ ਕਰਾਉਣੀ ਅਤੇ ਸੰਸਾਰ ਨੂੰ ਬਿਲਕੁਲ ਤਿਆਗ ਦੇਣਾ ਹੀ ਆਪਣਾ ਕੰਮ ਮੰਨ ਲਿਆ ਸੀ। ਇਸੇ ਤੋਂ ਹੀ ਉਹਨਾਂ ਹੀ ਵੇਲ਼ਿਆਂ ਵਿੱਚ ਗੁਰੂ ਨਾਨਕ ਸਾਹਿਬ ਨੇ 'ਹਠ ਯੋਗ' ਦੇ ਗ਼ਲਤ ਅਕੀਦਿਆਂ ਅਤੇ ਭੇਖਾਂ ਭਰਮਾਂ ਨੂੰ ਨਕਾਰਿਆ ਅਤੇ ਰੱਦ ਕੀਤਾ। ਇਸੇ ਸੰਦਰਭ ਵਿੱਚ ਗੁਰੂ ਨਾਨਕ ਸਾਹਿਬ ਦੀ ਬਾਣੀ 'ਸਿੱਧ ਗੋਸਟਿ' ਦੀ ਪ੍ਰਾਸੰਗਿਕਤਾ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਬਾਣੀ 'ਸਿਧ ਗੋਸਟਿ' ਬਾਰੇ ਹਰਿੰਦਰ ਸਿੰਘ ਮਹਿਬੂਬ ਦਾ ਕਹਿਣਾ ਹੈ-

ਸਿਧ ਗੋਸਟਿ ਗੁਰਮੁੱਖ ਦੇ ਸਿਦਕ ਦੀ ਤਸਵੀਰ ਹੈ। ਬੇਸ਼ਕ ਧਨਾਸਰੀ ਰਾਗ ਵਿੱਚ ਕਾਜ਼ੀ ਬ੍ਰਾਹਮ ਅਤੇ ਯੋਗੀ ਨੂੰ ਗੁਰੂ ਜੀ ਨੇ 'ਉਜਾੜੇ ਕਾ ਬੰਧ' ਕਿਹਾ ਹੈ ਪਰ 'ਸਿਧ ਗੋਸਟਿ' ਦੇ ਯੋਗੀ ਨੂੰ ਉਹਨਾਂ ਦੀ ਇਜ਼ਤ ਦਾ ਮਾਣ ਪ੍ਰਾਪਤ ਹੈ, ਕਿਉਂਕਿ ਇਹ ਯੋਗੀ ਉਹਨਾਂ ਦੀ ਅਧਿਆਤਮਕ ਸੱਚ ਦੀ ਇੱਕ ਸੁਰ ਬਣਿਆ ਹੋਇਆ ਹੈ। ਇਹ ਯੋਗੀ ਗੁਰੂ ਨਾਨਕ-ਅਮਲ ਦੇ ਨਿਰਾਕਾਰ ਮੰਡਲ ਦਾ ਇੱਕ ਹਿੱਸਾ ਹੈ, ਭਾਵੇਂ ਸੰਸਾਰਕ ਸੰਪਰਕ ਵਿੱਚ ਇਸ ਨੇ ਗੁਰੂ ਨਾਨਕ-ਅਮਲ ਨਾਲ ਸਦੀਵੀ ਸਾਂਝ ਨਹੀਂ ਰੱਖੀ, ਕੇਵਲ ਵਕਤੀ ਹਾਰ ਨੂੰ ਸਵੀਕਾਰ ਕੀਤਾ ਹੈ। 'ਸਿਧ ਗੋਸਟਿ' ਇੱਕ ਐਸਾ ਵਿਜੈਈ ਤਰਕ ਹੈ, ਜਿਸ ਨੂੰ ਸਾਧਾਰਜ਼ ਗਿਆਨ ਦੀਆਂ ਸਾਦ੍ਰਿਸ਼ਟਤਾਵਾਂ ਨਾਲ ਸਮਝਾਉਣ ਦੀ ਲੋੜ ਨਹੀਂ।... ਉਹ (ਯੋਗੀ) ਬਹੁਤ ਹਲੀਮੀ ਨਾਲ ਪੁੱਛਦਾ ਹੈ:

> "ਤੁਸੀਂ ਕਿਹੜੀਆਂ ਵਸਤਾਂ ਦਾ ਵਣਜ ਕਰਦੇ ਹੋ? ਜਿਨ੍ਹਾਂ ਮੁਸਾਫ਼ਰਾਂ ਨੇ ਤੁਹਾਡਾ ਸਾਥ ਕੀਤਾ ਹੈ, ਉਹਨਾਂ ਨੂੰ ਹੌਲਨਾਕ ਸਮੁੰਦਰਾਂ ਵਿਚੋਂ ਕਿਵੇਂ ਲੰਘਾਵੋਗੇ?' ਨਾਨਕ ਸਾਹਿਬ ਸਾਬਤ ਸਿਦਕ ਦੀ ਨਿਰਾਲੀ ਸਾਦਗੀ ਨਾਲ ਜੁਆਬ ਦਿੰਦੇ ਹਨ: ਮੈਂ ਸੱਚ ਦਾ ਵਣਜਾਰਾ ਹਾਂ। ਗੁਰਮੁੱਖ ਵੇਖਣ ਲਈ ਦੁਨੀਆਂ ਛਾਣ ਰਿਹਾ ਹਾਂ। ਮੇਰੇ ਯਾਰ ਮੁਸਾਫ਼ਰ ਪਾਰ ਲੰਘ ਜਾਣਗੇ, ਕਿਉਂਕਿ ਉਹ ਗੁਰੂ ਦੇ ਨਾਲ ਹਨ।"(13)

ਸਿੱਧਾਂ ਦਾ ਸੁਆਲ — 'ਕਿਸੁ ਵਖਰ ਕੇ ਤੁਮ ਵਣਜਾਰੇ'
ਗੁਰੂ ਸਾਹਿਬ ਦਾ ਜੁਆਬ — 'ਸਾਚੁ ਵਖਰ ਕੇ ਹਮ ਵਣਜਾਰੇ'
(ਸਿਧ ਗੋਸਟਿ, ਗੁਰੂ ਗ੍ਰੰਥ ਸਾਹਿਬ, ਅੰਗ 939)

ਪੰਜਾਬੀ ਵਿੱਚ ਗੋਸਟਾਂ ਕਵਿਤਾ ਅਤੇ ਵਾਰਤਕ ਦੋ ਰੂਪਾਂ ਵਿੱਚ ਹਾਸਲ ਹੁੰਦੀਆਂ ਹਨ। ਜਦੋਂ ਅਸੀਂ ਪੰਜਾਬੀ ਦੀ ਪਹਿਲੀ ਗੋਸਟਿ ਦਾ ਜ਼ਿਕਰ ਕਰਦੇ ਹਾਂ ਤਾਂ '*ਏਕਾਦਸ਼ੀ ਮਹਾਤਮ*' ਦਾ ਨਾਮ ਆਉਂਦਾ ਹੈ। ਇਹ ਗ੍ਰੰਥ ਵਾਰਤਕ ਰੂਪ ਵਿੱਚ ਲਿਖਿਆ ਮਿਲਦਾ ਹੈ ਅਤੇ ਇਸ ਵਿੱਚ ਯੁਧਿਸ਼ਟਰ ਨੂੰ ਬ੍ਰਹਮਾ ਅਤੇ ਨਾਰਦਮੁਨੀ ਏਕਾਦਸ਼ੀ ਦੇ ਵਰਤ ਰੱਖਣ ਦਾ ਮਹਾਤਮ ਦਰਸਾ ਰਹੇ ਵਿਖਾਏ ਗਏ ਹਨ। ਪੰਜਾਬੀ ਕਾਵਿ ਗੋਸਟਿ ਦੀ ਰਵਾਇਤ ਦੀ ਸ਼ੁਰੂਆਤ ਜਿੱਥੇ ਨਾਥ ਜੋਗੀਆਂ ਦੇ ਸਾਹਿਤ ਤੋਂ ਹੁੰਦੀ ਮਿਲਦੀ ਉੱਥੇ ਹੀ ਇਹ ਵਾਰਤਕ ਰੂਪ ਵਿੱਚ ਵੀ ਹਾਸਲ ਹੁੰਦੀਆਂ ਹਨ। ਇਹ ਵਾਰਤਕ ਰੂਪ ਸਾਨੂੰ ਜਨਮਸਾਖੀਆਂ ਵਿੱਚੋਂ ਹਾਸਲ ਹੁੰਦੀਆਂ ਹਨ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਨਾਲ਼ ਜੁੜੀਆਂ ਗੋਸਟਾਂ ਵਿੱਚ ਹਾਸਲ ਗੋਸਟਾਂ ਇਸ ਤਰ੍ਹਾਂ ਹਨ–

1. ਸਿੱਧ ਗੋਸਟਿ
2. ਮੱਕੇ ਮਦੀਨੇ ਦੀ ਗੋਸਟਿ
3. ਕਰੂੰ ਨਾਲ ਗੋਸਟਿ
4. ਨਿਰੰਕਾਰ ਨਾਲ ਗੋਸਟਿ
5. ਅਜਿਤੇ ਰੰਧਾਵੇ ਦੀ ਗੋਸਟਿ
6. ਸ਼ੇਖ ਬ੍ਰਹਮ ਨਾਲ ਗੋਸਟਿ(14)

ਇਹਨਾਂ ਗੋਸਟਾਂ ਤੋਂ ਇਲਾਵਾ ਹੋਰ ਵੀ ਗੋਸਟਾਂ ਹਾਸਲ ਹੁੰਦੀਆਂ ਹਨ ਜਿਹਨਾਂ ਦਾ ਸੰਬੰਧ ਗੁਰੂ ਨਾਨਕ ਸਾਹਿਬ ਨਾਲ਼ ਨਹੀਂ ਹੈ। ਡਾ. ਸੁਕੁਮਾਰ ਸੈਨ ਇਹਨਾਂ ਗੋਸਟਾਂ ਦੀ ਲੰਮੀ ਫਹਿਰਿਸਤ ਗਿਣਾਉਂਦੇ ਉਹਨਾਂ ਨੂੰ ਬਾਖ਼ੂਬ ਬਿਆਨ ਕਰਦੇ ਹਨ। ਇਹਨਾਂ ਗੋਸਟਾਂ ਵਿੱਚ ਜੋ ਗੋਸਟਾਂ ਸ਼ਾਮਲ ਹਨ ਉਹ ਇਸ ਤਰ੍ਹਾਂ ਹਨ–

ਗੋਸ਼ਟਾਂ ਸਿੱਧਾਂ ਜੋਗੀਆਂ ਕੀਆਂ

1. ਗੋਸ਼ਟਿ ਗੋਰਖ ਨਾਥ ਤਥਾ ਖਿੰਬੜੇ ਕੀ
2. ਗੋਸ਼ਟਿ ਸ੍ਰੀ ਗੋਪੀਚੰਦ ਜੀ ਕੀ
3. ਆਦਿ ਕਥਾ ਰਾਜੇ ਭਰਥਰੀ ਕੀ
4. ਗੋਸ਼ਟਿ ਸ੍ਰੀ ਗੋਰਖ ਬਿਆਸ ਕੀ
5. ਗੋਸ਼ਟਿ ਆਤਮੈ ਪ੍ਰਮਾਤਮੈ ਕੀ
6. ਗੋਸ਼ਟਿ ਗੋਰਖ ਗੁਸਾਈ ਕੀ
7. ਗੋਸ਼ਟਿ ਸ੍ਰੀ ਗੋਰਖ ਨਾਥ ਕੀ
8. ਗਣੇਸ਼ ਗੋਰਖ ਗੋਸ਼ਟਿ

ਗੋਸ਼ਟਾਂ ਭਗਤਾਂ ਦੀਆਂ

1. ਗੋਸ਼ਟਿ ਸ੍ਰੀ ਨਾਮੇ ਤਿਲੋਚਨ ਕੀ
2. ਗੋਸ਼ਟਿ ਗੁਸਾਈ ਧੰਨੇ ਕੀ
3. ਗੋਸ਼ਟਿ ਜਨਕ ਭਗਤ ਕੀ
4. ਰਾਮ ਨੰਦ ਤਥਾ ਕਬੀਰ ਜੀ ਕਾ ਗਿਆਨ ਤਿਲਕ
5. ਗੋਸ਼ਟਿ ਕਬੀਰ ਨਿਰੰਕਾਰ ਜੀ ਕੀ
6. ਗੋਸ਼ਟਿ ਬੇਣੀ ਭਗਤ ਕੀ
7. ਗੋਸ਼ਟਿ ਸ੍ਰੀ ਕ੍ਰਿਸ਼ਨ ਜੀ ਕੀ ਅਰ ਊਧੋ ਕੀ
8. ਪ੍ਰਮਾਰਥ ਮਾਰਕੰਡੇ ਪੁਰਾਣ
9. ਗੋਸ਼ਟਾਂ ਗੁਰੂ ਮੇਹਰਬਾਨ ਜੀ ਦੀਆਂ (ਹਰ ਜੀ) (ਰਾਉਬੀ ਗੋਸ਼ਟ)
10. ਗੋਸ਼ਟਿ ਗੁਸਾਈ ਕਬੀਰ ਜੀ
11. ਗੋਸ਼ਟਿ ਮੇਹਰਬਾਨ (ਹਰਿ ਜੀ) ਸਾਖੀ 47
12. ਗੋਸ਼ਟਿ ਸਧਨੇ ਗੁਸਾਈ ਕੀ
13. ਗੋਸ਼ਟਿ ਕਾਨੇ ਭਗਤ ਕੀ ਆਦਿ ਕਥਾ
14. ਗੋਸ਼ਟਿ ਕਾਨ੍ਹੇ ਭਗਤ ਕੀ

15. ਗੋਸ਼ਟਿ ਸ੍ਰੀ ਕਬੀਰ ਗੁਸਾਈ ਜੀ ਕੀ

ਗੋਸ਼ਟਾਂ ਗੁਰੂਆਂ ਕੀਆਂ

1. ਗੋਸ਼ਟਿ ਬਾਬੇ ਨਾਨਕ ਜੀ ਕੀ
2. ਗੋਸ਼ਟਿ ਬਾਬੇ ਨਾਨਕ ਜੀ ਸਿੱਖ ਨਾਲ ਹੋਈ
3. ਗੋਸ਼ਟਿ ਸ਼ਾਹ ਸਰਫ ਨਾਲ
4. ਗੁਰੂ ਨਾਨਕ ਦੀ ਗੋਸਟਿ
5. ਮੱਕੇ ਦੀਆਂ ਗੋਸਟਾਂ
6. ਗੋਸ਼ਟਿ ਬਾਬੇ ਨਾਨਕ ਕੀ ਕਬੀਰ ਨਾਲਿ ਕੀਤੀ
7. ਗੋਸ਼ਟਿ ਗੋਬਿੰਦ ਲੋਕਾਂ ਕੀ
8. ਗੋਸ਼ਟਿ ਗੁਰੂ ਨਾਨਕ ਅਤੇ ਭਰਥਰੀ
9. ਗੋਸ਼ਟਿ ਗੁਰੂ ਬਾਬੇ ਜੀ ਕੀ ਬਾਬੇ ਲਾਲ ਨਾਲਿ ਹੋਈ
10. ਬਾਣੀ ਬਿਹੰਗਮ
11. ਸਿੱਧ ਗੋਸ਼ਟਿ
12. ਗੋਸ਼ਟਿ ਡਾਖਣੀ ਪੀਰ ਮੁਰੀਦ ਕੀ
13. ਮਸਲਾ ਮੂਸੇ ਪੈਕੰਬਰ ਕਾ
14. ਮਸਲਾ ਹਸਨ ਹੁਸੈਨ ਕਾ
15. ਗੋਸ਼ਟਿ ਮਾਰਫ਼ਤ ਕੀ
16. ਗੁਫਤਾਰ ਸਾਦਕਾ ਕੀ. (15)

ਇਹਨਾਂ ਤੋਂ ਇਲਾਵਾ ਵੀ ਅਨੇਕਾਂ ਹੀ ਗੋਸਟਾਂ ਹਾਸਲ ਹੁੰਦੀਆਂ ਹਨ ਜਿਹਨਾਂ ਦੇ ਨਾਵਾਂ ਦਾ ਜ਼ਿਕਰ ਜ਼ਰੂਰੀ ਹੈ ਤਾਂ ਜੋ ਇਸ ਪ੍ਰਾਚੀਨ ਰਵਾਇਤ ਦਾ ਪਤਾ ਲੱਗ ਸਕੇ।

ਗੋਸ਼ਟਾਂ ਗੁਰੂ ਅਮਰਦਾਸ ਕੀਆਂ

1. ਗੋਸਟਿ ਰਾਮਚੰਦਰ ਤੇ ਲਛਮਣ ਜੀ ਕੀ
2. ਗੋਸਟਿ ਰਾਮ ਗੀਤਾ
3. ਗੋਸਟਿ ਗਰਭ ਗੀਤਾ
4. ਗੋਸਟਿ ਸਾਰ ਗੀਤਾ
5. ਗੋਸਟਿ ਗਿਆਨ ਮਾਲਾ
6. ਬਾਬਾ ਲਾਲ ਅਤੇ ਦਾਰਾ ਸ਼ਿਕੋਹ ਦੀ ਗੋਸਟਿ.(16)

ਮੌਲਾਨਾ ਹਮੀਦ ਸ਼ਾਇਰ ਕਲੰਦਰ ਰਚਿਤ 'ਖ਼ੈਰੁਲ-ਮਜਾਲਿਸ' ਫ਼ਾਰਸੀ ਵਿੱਚ ਲਿਖੀ ਗੋਸ਼ਟਾਂ ਦੀ ਕਿਤਾਬ ਹੈ, ਜੋ ਬਾਬਾ ਫ਼ਰੀਦ ਜੀ ਦੇ ਗੁਜ਼ਰਨ ਤੋਂ ਅੱਠ ਦਹਾਕੇ ਮਗਰੋਂ ਲਿਖੀ ਗਈ ਪ੍ਰਮਾਣਿਕ ਰਚਨਾ ਹੈ ਅਤੇ ਇਸ ਵਿੱਚ ਬਾਬਾ ਫ਼ਰੀਦ ਦੀਆਂ ਕਈ ਗੋਸ਼ਟਾਂ ਵੀ ਸ਼ੁਮਾਰ ਹਨ ਇਹਨਾਂ ਗੋਸ਼ਟਾਂ ਦਾ ਪੰਜਾਬੀ ਅਨੁਵਾਦ ਪ੍ਰੀਤਮ ਸਿੰਘ ਵੱਲੋਂ 'ਸ੍ਰੇਸ਼ਟ ਗੋਸ਼ਟਾਂ' ਨਾਮ ਦੀ ਕਿਤਾਬ ਵਿੱਚ ਕੀਤਾ ਪ੍ਰਾਪਤ ਹੁੰਦਾ ਹੈ। ਇਸ ਕਿਤਾਬ ਵਿੱਚ ਬਾਬਾ ਫ਼ਰੀਦ ਜੀ ਦੇ ਜੀਵਨ ਸੰਬੰਧੀ ਗੋਸ਼ਟਾਂ ਸ਼ੁਮਾਰ ਹਨ, ਭਾਵੇਂ ਇਹਨਾਂ ਗੋਸ਼ਟਾਂ ਵਿੱਚ ਪਰਾਭੌਤਿਕ ਤੱਤਾਂ ਅਤੇ ਘਟਨਾਵਾਂ ਦੀ ਭਰਮਾਰ ਹੈ ਪਰ ਇਹ ਗੋਸ਼ਟਾਂ ਹੋਰਨਾਂ ਕਈ ਪੱਖਾਂ ਤੋਂ ਬਾਬਾ ਫ਼ਰੀਦ ਦੇ ਜੀਵਨ ਬਾਰੇ ਦ੍ਰਿਸ਼ਟੀ ਜ਼ਰੂਰ ਪਾਉਂਦੀਆਂ ਹਨ। ਕਿਤਾਬ ਵਿੱਚ ਸ਼ਾਮਲ ਇਹਨਾਂ ਗੋਸ਼ਟਾਂ ਦੀ ਗਿਣਤੀ ਗਿਆਰਾਂ ਹੈ। ਗੁਰੂ ਨਾਨਕ ਸਾਹਿਬ ਜਦੋਂ ਆਪਣੀਆਂ ਉਦਾਸੀਆਂ ਦੌਰਾਨ ਬਾਬਾ ਸ਼ੇਖ਼ ਫ਼ਰੀਦ ਜੀ ਦੇ ਗੱਦੀ ਨਸ਼ੀਨ ਸ਼ੇਖ਼ ਬ੍ਰਹਮ ਕੋਲ਼ ਪਹੁੰਚਦੇ ਹਨ ਤਾਂ ਗੁਰੂ ਸਾਹਿਬ ਦੀ ਉਸ ਨਾਲ਼ ਵੀ ਕਈ ਗੋਸ਼ਟਾਂ ਹੁੰਦੀਆਂ ਹਨ। ਜਦੋਂ ਸ਼ੇਖ਼ ਬ੍ਰਹਮ ਗੁਰੂ ਸਾਹਿਬ ਨੂੰ ਸਾਧਾਰਨ ਬਾਣੇ ਵਿੱਚ ਵੇਖਦਾ ਹੈ ਤਾਂ ਉਹਨਾਂ ਨੂੰ ਆਖਦਾ ਹੈ ਕਿ ਤੁਸੀਂ ਦੋ ਬੇੜੀਆਂ ਵਿੱਚ ਸਵਾਰ ਨਾ ਹੋਵੋ, ਜੇਕਰ ਧਰਮੀ ਹੋ ਤਾਂ ਧਰਮੀ ਲੀੜੇ ਪਹਿਨੋ ਅਤੇ ਜੇ ਦੁਨੀਆਦਾਰ ਬਣੇ ਰਹਿਣਾ ਏ ਤਾਂ ਧਰਮੀ ਨਾ ਅਖਵਾਓ। ਪਰ ਗੁਰੂ ਸਾਹਿਬ

ਆਖਦੇ ਹਨ ਕਿ ਉਹਨਾਂ ਲਈ ਸਭ ਕੁਝ ਇਕੋ ਜਿਹਾ ਹੈ ਉਸ ਸੱਚੇ ਦੇ ਨਾਮ ਤੋਂ ਇਲਾਵਾ ਹੋਰ ਹੈ ਹੀ ਕੁਝ ਨਹੀਂ, ਅਤੇ ਉਹ ਹੀ ਸਭ ਥਾਂਈਂ ਸਮਾਇਆ ਹੋਇਆ ਹੈ। ਗੁਰੂ ਸਾਹਿਬ ਸ਼ੇਖ਼ ਬ੍ਰਹਮ ਦੇ ਸਾਰੇ ਸੁਆਲਾਂ ਦੇ ਜੁਆਬ ਦਿੰਦੇ ਹਨ ਅਤੇ ਉਸਦੇ ਸਭ ਸ਼ੰਕੇ ਦੂਰ ਕਰਦੇ ਹਨ।

'ਸਿੱਧ ਗੋਸਟਿ' ਸਿੱਧਾਂ ਅਤੇ ਗੁਰੂ ਨਾਨਕ ਸਾਹਿਬ ਦਰਮਿਆਨ ਹੋਈ ਸੰਵਾਦ ਚਰਚਾ ਨੂੰ ਆਧਾਰ ਬਣਾ ਕੇ ਰਚੀ ਗਈ ਬਾਣੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ 'ਸਿੱਧ ਗੋਸਟਿ' ਅੰਤਰ-ਧਰਮ ਸੰਵਾਦ ਦੀ ਪ੍ਰਤੀਨਿਧ ਰਚਨਾ ਹੈ। ਇਹ ਇੱਕ ਲੰਮੀ ਰਚਨਾ ਹੈ ਅਤੇ ਰਾਗ ਰਾਮਕਲੀ ਵਿੱਚ ਰਚੀ ਗਈ ਹੈ ਅਤੇ ਇਸਦੀਆਂ 73 ਪਉੜੀਆਂ ਹਨ। ਇਸ ਵਿੱਚ ਗੁਰੂ ਸਾਹਿਬ ਯੋਗ ਮਤ ਦੀ ਕਠਿਨ ਸਾਧਨਾ ਦੀ ਥਾਵੇਂ ਸਹਿਜ ਯੋਗ ਦਾ ਉਪਦੇਸ਼ ਦਿੰਦੇ ਹਨ। 'ਸਿੱਧ ਗੋਸਟਿ' ਕਿਸ ਥਾਂ 'ਤੇ ਹੋਈ ਇਸ ਸੰਬੰਧੀ ਵੱਖੋ-ਵੱਖ ਵਿਦਵਾਨਾਂ ਦੀਆਂ ਵੱਖੋ-ਵੱਖਰੀਆਂ ਰਾਵਾਂ ਹਨ। ਕੋਈ ਇਸਨੂੰ ਸੁਮੇਰ ਪਰਬਤ 'ਤੇ ਹੋਈ ਮੰਨਦਾ ਹੈ ਅਤੇ ਕੋਈ ਅਚਲ ਵਟਾਲੇ। ਡਾ। ਜੋਧ ਸਿੰਘ ਮੰਨਦੇ ਹਨ ਕਿ:

> "ਮੈਂ ਇਸ ਸਿੱਟੇ ਤੇ ਪੁਜ ਸਕਿਆ ਹਾਂ ਕਿ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨਾਲ ਸੁਮੇਰ ਪਰਬਤ ਦੀ ਮਿਲਣੀ ਹੀ ਸਿਧ ਗੋਸਟਿ ਦਾ ਤੱਤ ਸਾਰ ਹੈ।" (17)

ਜੋਗੀ ਦਾ ਇਸ਼ਾਰਾ 'ਸੁੰਨ' ਵੱਲ ਹੁੰਦਾ ਹੈਅਤੇ ਗੁਰੂ ਸਾਹਿਬ ਇਸ 'ਸੁੰਨ' ਦਾ ਖੰਡਨ ਨਹੀਂ ਕਰਦੇ ਸਗੋਂ ਇਸਨੂੰ ਨਵੀਂ ਵਿਆਖਿਆ ਦਿੰਦੇ ਹਨ ਕਿ ਰੱਬ ਤਾਂ ਹਰ ਸ਼ੈਅ ਵਿੱਚ ਮੌਜੂਦ ਹੈ, ਅੰਦਰ ਬਾਹਰ ਸਭ ਜਗ੍ਹਾ, ਜਿਹੜਾ ਮਨੁੱਖ ਉਸ ਨਿਰਗੁਣ ਸਰੂਪ ਰੱਬ ਦਾ ਭੇਦ ਪਾ ਲੈਂਦਾ ਹੈ ਉਹ ਓਸੇ ਦਾ ਰੂਪ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਸਿੱਧਾਂ ਨਾਥਾਂ ਜੋਗੀਆਂ ਸੰਬੰਧੀ ਅਨੇਕਾਂ ਸੁਆਲਾਂ ਦੇ ਜੁਆਬ ਦਿੱਤੇ ਅਤੇ ਗੁਰੂ ਸਾਹਿਬ ਅਤੇ ਸਿੱਧਾਂ ਦਰਮਿਆਨ ਸਾਰੀਆਂ ਹਾਸਲ ਗੋਸਟਾਂ ਵਿੱਚ ਕਾਫ਼ੀ ਵਿਚਾਰਾਂ ਹੋਈਆਂ ਪ੍ਰਾਪਤ ਹੁੰਦੀਆਂ ਹਨ। ਗੁਰੂ ਸਾਹਿਬ ਨੂੰ ਸਿੱਧ ਬਾਲਾ ਆਖ ਸੁਆਲ ਕਰਦੇ ਹਨ ਕਿ ਤੂੰ ਕੌਣ ਹੈ? ਤੇਰਾ ਗੁਰੂ ਕੌਣ ਹੈ? ਸ਼ਬਦ ਰਾਹੀਂ ਗੁਰੂ ਕਿੰਝ ਜੀਵ ਨੂੰ ਪਾਰ ਲੰਘਾਉਣ ਵਾਲਾ ਹੈ?-

*ਕਵਣ ਮੂਲੁ ਕਵਣ ਮਤਿ ਵੇਲਾ।।*<br>
*ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ।।*<br>
*ਕਵਣ ਕਥਾ ਲੇ ਰਹਹੁ ਨਿਰਾਲੇ।।*<br>
*ਬੋਲੈ ਨਾਨਕੁ ਸੁਣਹੁ ਤੁਮ ਬਾਲੇ।।*<br>
*ਏਸੁ ਕਥਾ ਕਾ ਦੇਇ ਬੀਚਾਰੁ।।*<br>
*ਭਵਜਲੁ ਸਬਦਿ ਲੰਘਾਵਣਹਾਰੁ।।*

(ਸਿੱਧ ਗੋਸਟਿ, ਗੁਰੂ ਗ੍ਰੰਥ ਸਾਹਿਬ, ਅੰਗ 942)

ਗੁਰੂ ਸਾਹਿਬ ਇਸਦੇ ਜੁਆਬ ਵਿੱਚ ਦੱਸਦੇ ਹਨ ਕਿ ਪਵਨ/ਹਵਾ ਹੀ ਹਸਤੀ ਦਾ ਮੁੱਢ ਹਨ, ਸ਼ਬਦ ਹੀ ਮੇਰਾ ਗੁਰੂ ਹੈ ਮੇਰੀ ਸੁਰਤ ਦਾ ਟਿਕਾਅ ਉਸਦਾ ਸਿੱਖ ਹੈ, ਮੈਂ ਰੱਬ ਦਾ ਨਾਮ ਲੈ ਸੰਸਾਰ ਤੋਂ ਨਿਰਲੇਪ ਹਾਂ, ਉਹ ਰੱਬ ਹਰ ਯੁਗ ਵਿੱਚ ਮੌਜੂਦ ਹੈ, ਸ਼ਬਦ ਹੀ ਮਨੁੱਖ ਨੇ ਹਉਮੈ ਦੀ ਅੱਗ ਨੂੰ ਅੰਦਰੋਂ ਸ਼ਾਂਤ ਕੀਤਾ ਹੈ-

*ਪਵਨ ਅਰੰਭੁ ਸਤਿਗੁਰ ਮਤਿ ਵੇਲਾ।।*
*ਸਬਦੁ ਗੁਰੂ ਸੁਰਤਿ ਧੁਨਿ ਚੇਲਾ।।*
*ਅਕਥ ਕਥਾ ਲੇ ਰਹਉ ਨਿਰਾਲਾ।।*
*ਨਾਨਕ ਜੁਗਿ ਜੁਗਿ ਗੁਰ ਗੋਪਾਲਾ।।*
*ਏਕੁ ਸਬਦੁ ਜਿਤੁ ਕਥਾ ਵੀਚਾਰੀ।।*
*ਗੁਰਮੁਖਿ ਹਉਮੈ ਅਗਨਿ ਨਿਵਾਰੀ।।*

(ਸਿੱਧ ਗੋਸਟਿ, ਗੁਰੂ ਗ੍ਰੰਥ ਸਾਹਿਬ, ਅੰਗ 942)

'ਪੁਰਾਤਨ ਜਨਮਸਾਖੀ' ਅਨੁਸਾਰ ਗੁਰੂ ਨਾਨਕ ਸਾਹਿਬ ਅਤੇ ਸਿੱਧਾਂ ਦਰਮਿਆਨ ਚਾਰ ਗੋਸਟਾਂ ਹੁੰਦੀਆਂ ਹਨ- ਸੁਮੇਰ ਪਰਬਤ, ਗੋਰਖ ਹਟੜੀ, ਸਿੱਧ ਮਤੇ ਅਤੇ ਅਚਲ ਵਟਾਲੇ। ਅਚਲ ਵਟਾਲੇ ਬਾਰੇ ਭਾਈ ਗੁਰਦਾਸ ਆਖਦੇ ਹਨ-

*"ਬਾਬੇ ਕੀਤੀ ਸਿਧਿ ਗੋਸਟਿ, ਸ਼ਬਦ ਸ਼ਾਂਤਿ ਸਿਧਾਂ ਵਿਚਿ ਆਈ।।*
*ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸ ਕਰਾਈ।।*

(ਭਾਈ ਗੁਰਦਾਸ ਜੀ, ਵਾਰ ਪਹਿਲੀ)

ਇਸੇ ਤਰ੍ਹਾਂ ਸੁਮੇਰ ਦੀ ਵਿਚਾਰ ਬਾਰੇ ਇਸ ਤਰ੍ਹਾਂ ਦੇ ਸੰਕੇਤ ਮਿਲਦੇ ਹਨ-

*ਸਬਦਿ ਜਿਤੀ ਸਿਧ ਮੰਡਲੀ*
*ਕੀਤੋਸੁ ਆਪਣਾ ਪੰਥ ਨਿਰਾਲਾ*
*ਕਲਿ ਜੁਗਿ ਨਾਨਕ ਨਾਮੁ ਸੁਖਾਲਾ ।।*

(ਭਾਈ ਗੁਰਦਾਸ ਜੀ, ਵਾਰ ਪਹਿਲੀ)

ਇਤਿਹਾਸਕ ਹਵਾਲਿਆਂ ਵਿੱਚ ਗੁਰੂ ਸਾਹਿਬ ਦੀਆਂ ਅਨੇਕਾਂ ਗੋਸ਼ਟਾਂ ਦਾ ਜ਼ਿਕਰ ਮਿਲਦਾ ਹੈ, ਪਰ ਜਿਹੜੀ ਗੋਸਟਿ ਗੁਰੂ ਗ੍ਰੰਥ ਸਾਬਿ ਵਿੱਚ ਦਰਜ ਹੋਈ ਅਤੇ ਜਿਹੜੀ ਲਈ ਗੁਰੂ ਸਾਹਿਬ ਖ਼ੁਦ ਚੱਲ ਕੇ ਸਿੱਧਾਂ ਕੋਲ਼ ਜਾਂਦੇ ਹਨ ਉਹ 'ਸਿਧ ਗੋਸਟਿ' ਹੈ। ਭਾਵੇਂ ਇਹ ਚੋਣਵੇਂ ਸਿੱਧ ਸਨ। ਗੁਰੂ ਸਾਬਿ ਨੂੰ ਸੁਆਲ ਕਰਕੇ ਆਪਣੀ ਤ੍ਰਿਪਤੀ ਕਰਨ ਵਾਲ਼ੇ ਤਾਂ ਅਨੇਕ ਸਨ ਪਰ ਉਹਨਾਂ ਦੀ ਤਬਿਆ ਝੱਲਣ ਵਾਲ਼ਾ ਕੋਈ ਨਹੀਂ ਸੀ। ਕਾਜ਼ੀ, ਬਾਹਮਣ ਅਤੇ ਯੋਗੀ ਨੂੰ ਤਾਂ ਗੁਰੂ ਸਾਹਬ ਪਹਿਲਾਂ ਹੀ 'ਉਜਾੜੇ ਕਾ ਬੰਧ' ਆਖ ਮੁੱਢੋਂ ਹੀ ਰੱਦ ਕਰਦੇ ਹਨ।

'ਸਿਧ ਗੋਸਟਿ' ਵਿੱਚ ਦੋ ਸਿੱਧਾਂ ਦਾ ਨਾਮ ਆਉਂਦਾ ਹੈ ਚਰਪਟ ਅਤੇ ਲੋਹਾਰੀਪਾ। ਪਰ ਭਾਈ ਗੁਰਦਾਸ ਭੰਗਰਨਾਥ ਦਾ ਵੀ ਜ਼ਿਕਰ ਕਰਦੇ ਹਨ। 'ਸਿੱਧ ਗੋਸਟਿ' ਵਿੱਚ ਸਿੱਧਾਂ ਦੇ ਸੁਆਲਾਂ ਦੇ ਬਹੁਤ ਤਸੱਲੀਬਖ਼ਸ਼ ਜੁਆਬ

ਦੇ ਕੇ ਨਿਵਾਰਨ ਕੀਤਾ ਗਿਆ। ਪਿਆਰਾ ਸਿੰਘ ਪਦਮ ਨੇ 'ਸਿਧ ਗੋਸਟਿ' ਵਿੱਚ ਪੁੱਛੇ ਇਹਨਾਂ ਸੁਆਲਾਂ ਅਤੇ ਜੁਆਬਾਂ ਦੀ ਗਿਣਤੀ ਸੱਤਰ (70) ਤੱਕ ਕੀਤੀ ਹੈ। ਇਹਨਾਂ ਸੁਆਲਾਂ ਵਿੱਚੋਂ ਅਨੇਕਾਂ ਸੁਆਲ ਅਜਿਹੇ ਹਨ ਜਿਹਨਾਂ ਦੀ ਪ੍ਰਾਸੰਗਿਕਤਾ ਸਦਾ ਹੀ ਬਣੀ ਰਹੀ ਹੈ। ਮਨੁੱਖ ਸਦਾ ਹੀ ਇਹ ਸੁਆਲ ਕਰਦਾ ਆਇਆ ਹੈ ਕਿ 'ਇਹ ਦੁਨੀਆ ਦੀ ਰਚਨਾ ਕਿਵੇਂ ਹੁੰਦੀ ਹੈ' ਗੁਰੂ ਸਾਹਿਬ ਉੱਤਰ ਦਿੰਦੇ ਹਨ -- ਹਉਮੈ ਵਿੱਚ, 'ਇਹ ਪਹਿਲਾਂ ਕਿਹੋ ਜਿਹੀ ਸੀ' ਉੱਤਰ ਮਿਲਦਾ ਹੈ- ਵਿਸਮਾਦ ਮਈ, 'ਛੁਟਕਾਰਾ ਕਿੰਝ ਹੋ ਸਕਦਾ ਹੈ'-ਸ਼ਬਦ (ਨਾਮ) ਰਾਹੀਂ ਆਦਿ। ਗੁਰੂ ਸਾਹਿਬ ਨੇ ਪ੍ਰੇਮ ਭਗਤੀ ਦਾ ਰਾਹ ਦੱਸਿਆ ਜਦੋਂ ਕਿ ਸਿੱਧ ਹਠ ਮਾਰਗ ਨੂੰ ਆਪਣਾ ਰਾਹ ਮੰਨਦੇ ਸਨ ਅਤੇ ਔਖੀਆਂ ਔਖੀਆਂ ਕਿਰਿਆਵਾਂ ਨਾਲ਼ ਸਰੀਰਕ ਦੁੱਖ ਝੱਲਦੇ ਸਨ। ਗੁਰੂ ਸਾਹਿਬ ਆਪ ਚੱਲ ਕੇ ਸਿੱਧਾਂ ਕੋਲ਼ ਗੋਸਟਿ ਕਰਨ ਲਈ ਜਾਂਦੇ ਹਨ। ਇਸ ਗੋਸਟਿ ਦਾ ਸਮਾਂ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਕੁਝ ਪਹਿਲਾਂ ਦਾ ਹੀ ਹੈ ਅਤੇ ਉਹਨਾਂ ਦੀ ਉਮਰ ਕਾਫ਼ੀ ਸੀ ਪਰ ਸਿੱਧ ਉਹਨਾਂ ਨੂੰ ਬਾਲਾ ਆਖ ਸੱਦਦੇ ਹਨ।

*ਕਹ ਬੈਸਹੁ ਕਹ ਰਹੀਐ ਬਾਲੇ*
*ਕਹ ਆਵਹੁ ਕਹ ਜਾਹੋ।।*

(ਸਿੱਧ ਗੋਸਟਿ, ਗੁਰੂ ਗ੍ਰੰਥ ਸਾਹਿਬ, ਅੰਗ 938)

ਹਾਲਾਂਕਿ ਜਿੱਥੇ ਕਈ ਜੋਗੀਆਂ ਨੂੰ ਖੁਣਸ ਖਾਧੇ ਦਿਖਾਇਆ ਗਿਆ ਹੈ ਇਹ ਸਿੱਧ ਬਹੁਤ ਨਿਮਰ ਵੀ ਵਿਖਾਏ ਗਏ ਹਨ ਅਤੇ ਆਪਣੇ ਪੁੱਛੇ ਸੁਆਲਾਂ ਦੇ ਜੁਆਬਾਂ ਦੇ ਚਾਹਵਾਨ ਹਨ। ਉਹ ਗੁਰੂ ਸਾਹਿਬ ਨੂੰ ਆਪ ਆਖਦੇ ਹਨ --

*ਰੋਸੁ ਨਾ ਕੀਜੈ ਉਤਰ ਦੀਜੈ।।*

(ਸਿੱਧ ਗੋਸਟਿ, ਗੁਰੂ ਗ੍ਰੰਥ ਸਾਹਿਬ, ਅੰਗ 938)

ਗੁਰੂ ਸਾਹਿਬ ਵੀ ਸਿੱਧਾਂ ਦੇ ਇਸ ਸੁਆਲ 'ਤੇ ਕਿ ਹੇ ਨਾਨਕ! ਤੇਰਾ ਮਤ ਕੀ ਹੈ ਤਾਂ ਗੁਰੂ ਸਾਹਿਬ ਜੁਆਬ ਦਿੰਦੇ ਹਨ ਕਿ ਚਰਪਟ ਨਾਥ ਮੈਂ ਉਸ ਰੱਬ ਦੀ ਯਾਦ ਵਿੱਚ ਜੁਭ ਕੇ ਸ਼ਾਂਤ ਚਿਤ ਰਹਿੰਦਾ ਹਾਂ, ਉਸਦੇ ਹੁਕਮ ਵਿੱਚ ਰਹਿੰਦਾ ਹਾਂ, ਉਸਦੀ ਹੋਂਦ ਹੀ ਸੱਚ ਹੈ, ਗੁਰੂ ਦੇ ਰਾਹ 'ਤੇ ਚੱਲਣ ਵਾਲਾ ਗਿਆਨਵਾਨ ਹੈ। ਜਦੋਂ ਚਰਪਟ ਨਾਥ ਫਿਰ ਸੁਆਲ ਕਰਦੇ ਹਨ ਕਿ ਹੇ ਨਾਨਕ ਜਗਤ ਨੂੰ ਇੱਕ ਸਮੁੰਦਰ ਕਿਹਾ ਜਾਂਦਾ ਹੈ ਜਿਸਨੂੰ ਤਰਨਾ ਔਖਾ ਹੈ ਤਾਂ ਇਸਦਾ ਪਾਰਲਾ ਕੰਢਾ ਕਿੰਝ ਲੱਭਿਆ ਜਾਵੇ, ਚਰਪਟ ਆਖਦਾ ਹੈ ਕਿ ਨਾਨਕ ਸਹੀ ਵਿਚਾਰ ਦੱਸ ਮੈਨੂੰ, ਤਾਂ ਗੁਰੂ ਸਾਹਿਬ ਆਖਦੇ ਹਨ ਕਿ ਜਿਹੜਾਂ ਜੁਆਬ ਆਪ ਹੀ ਸਮਝਦਾ ਹੈ ਉਸਨੂੰ ਦੇਣ ਦੀ ਕੀ ਲੋੜ। ਮੈਂ ਸੱਚ ਬੋਲਿਆ ਹੈ ਅਤੇ ਜੇ ਤੁਹਾਨੂੰ ਇਸ ਤੋਂ ਅਗਾਂਹ ਪਹਿਲਾਂ ਹੀ ਪਤਾ ਹੈ ਫਿਰ ਮੇਰੇ ਜੁਆਬ ਦੇ ਦੀ ਕੀ ਲੋੜ ਹੈ? ਮੈਂ ਕਿੰਝ ਫਿਰ ਗੋਸਟਿ ਕਰ ਸਕਦਾ ਹਾਂ? ਜੇਕਰ ਤੁਸੀਂ ਸਾਰੇ ਜੁਆਬ ਜਾਣਦੇ ਹੀ ਹੋ ਤਾਂ ਫਿਰ ਆਪਣੀ ਗੋਸਟਿ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਹ ਅਖਤਿਆਰ ਹਰ ਗੋਸਟਿ ਕਰਨ ਵੇਲ਼ੇ ਧਿਆਨ ਵਿੱਚ ਰੱਖਣਾ ਲਾਜ਼ਮੀ ਹੈ --

*ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ।।*

*ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ।।*
*ਆਸਣਿ ਬੈਸਣਿ ਥਿਰੁ ਨਰਾਇਣੁ ਐਸੀ ਗੁਰਮਤਿ ਪਾਏ।।*
*ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ।।੩।।*
*ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ।।*
*ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ।।*
*ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ।।*
*ਸਾਚੁ ਕਹਹੁ ਤੁਮ ਪਾਰ ਗਰਾਮੀ ਤੁਝੁ ਕਿਆ ਬੈਸਣੁ ਦੀਜੈ।।੪।।*

(ਗੁਰੂ ਨਾਨਕ ਸਾਹਿਬ, ਗੁਰੂ ਗ੍ਰੰਥ ਸਾਹਿਬ, ਰਾਗ ਰਾਮਕਲੀ, ਅੰਗ 938)

ਗੁਰੂ ਸਾਹਿਬ ਨੇ ਭਾਵੇਂ ਲੇਖਣੀ ਰਵਾਇਤੀ ਅਤੇ ਜਜ਼ਬੇ ਇਨਸਾਨੀ ਵਰਤੇ ਹਨ ਪਰ ਉਹਨਾਂ ਦੀ ਦ੍ਰਿਸ਼ਟੀ ਬਿਲਕੁਲ ਨਵੀਨ ਹੈ।

"ਇਸ ਅੰਦਰ ਇੱਕ ਐਸੀ ਸਾਬਤ ਤਰਜ਼ ਪੈਦਾ ਹੋਈ ਹੈ, ਜਿਹੜੀ ਪੈਗ਼ੰਬਰੀ ਤਜਰਬੇ ਵਿੱਚ ਪਹਿਲਾਂ ਨਹੀਂ ਸੀ।"(18)

'ਸਿਧ ਗੋਸਟਿ' ਵਿੱਚ ਪੇਸ਼ ਸੁਆਲਾਂ ਜੁਆਬਾਂ ਤੋਂ ਇਲਾਵਾ ਵੀ ਗੁਰੂ ਸਾਹਿਬ ਨੇ ਆਪਣੀ ਸਮੁੱਚੀ ਬਾਣੀ ਵਿੱਚ ਇਲਹਾਮ ਵਰਤਾਉਂਦੇ ਸਮੇਂ ਹੋਰਨਾਂ ਰਵਾਇਤਾਂ ਨਾਲ਼ ਗੋਸਟਿ ਕੀਤੀ ਹੈ ਅਤੇ ਆਪਣੇ ਯਕੀਨ ਨੂੰ ਬਾਣੀ ਰੂਪ ਦਰਜ ਕੀਤਾ ਹੈ।

"ਗੁਰੂ ਨਾਨਕ ਦੇਵ ਜੀ ਰੱਬ ਦੀ ਅਜ਼ਮਤ ਸੰਬੰਧੀ ਫ਼ਰਮਾਉਂਦੇ ਹਨ ਕਿ ਇਹ ਸੰਸਾਰ ਕਦੋਂ ਵਜੂਦ ਵਿੱਚ ਆਇਆ ਕੋਈ ਨਹੀਂ ਜਾਣਦਾ। ਧਰਮ ਗ੍ਰੰਥਾਂ ਵਿੱਚ ਇਸ ਦਾ ਕੋਈ ਵਰਣਨ ਨਹੀਂ। ...। ਗੁਰੂ ਨਾਨਕ ਸਮਕਾਲੀ ਸਮਾਜ ਨੂੰ ਦੱਸਣਾ ਚਾਹੁੰਦੇ ਹਨ ਕਿ ਰੱਬ ਦੀ ਅਸੀਮ ਹਸਤੀ ਅਤੇ ਉਸ ਦੇ ਕਾਰਨਾਮੇ ਕੇਵਲ ਧਰਮ ਗ੍ਰੰਥਾਂ ਵਿੱਚ ਕੈਦ ਨਹੀਂ ਹਨ।...। ਮੁਸਲਮਾਨਾਂ ਦੇ ਸੰਦਰਭ ਵਿੱਚ ਕਾਜ਼ੀ ਅਤੇ ਕੁਰਆਨ ਦਾ ਜ਼ਿਕਰ ਆਇਆ ਹੈ। ਭਾਵ ਰੱਬ ਦੀਆਂ ਅਜ਼ਮਤਾਂ ਨੂੰ ਨਾ ਕਾਜ਼ੀ ਦਾ ਗਿਆਨ ਮਹਿਦੂਦ ਕਰ ਸਕਦਾ ਹੈ ਅਤੇ ਨਾ ਕੋਈ ਧਰਮ ਗ੍ਰੰਥ।" (19)

ਗੁਰੂ ਸਾਹਿਬ ਫ਼ਰਮਾਉਂਦੇ ਹਨ–

*ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।।*
*ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।।*
*ਵੇਲ ਨਾ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।*
*ਵਖਤੁ ਨਾ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।।*

(ਜਪੁ, ਗੁਰੂ ਗ੍ਰੰਥ ਸਾਹਿਬ, ਅੰਗ 4)

ਪੇਸ਼ ਪਰਚੇ ਦਾ ਮੁੱਖ ਮੰਤਵ ਇਹੀ ਦਰਸਾਉਣਾ ਹੈ ਕਿ ਗੋਸਟਿ ਵਿਧੀ ਦੀ ਜਨਮ ਜੈਵਿਕ ਪੈਦਾਇਸ਼ ਨਾਲ਼ ਹੀ ਜਾ ਜੁੜਦਾ ਹੈ ਅਤੇ ਇਸ ਵਿਧੀ ਵਿੱਚ ਗੁਰੂ ਨਾਨਕ ਸਾਹਿਬ ਆਪਣਾ ਜੋ ਯੋਗਦਾਨ ਦਿੱਤਾ ਉਹ ਲਾਮਿਸਾਲ ਹੈ ਅਤੇ ਅੱਜ ਵੀ ਸਾਡੀਆਂ ਅਨੇਕਾਂ ਔਕੜਾਂ ਨੂੰ ਸੌਖਿਆਂ ਹੀ ਹੱਲ ਕਰਨ ਕਾਬਿਲ ਹੈ। 'ਸਿਧ ਗੋਸਟਿ' ਦਾ ਕੇਂਦਰੀ ਮੰਤਵ ਸੁਆਲਾਂ ਅਤੇ ਜੁਆਬਾਂ ਨੂੰ ਪੇਸ਼ ਕਰ ਆਮ ਸੰਗਤ ਦੇ ਸ਼ੰਕਿਆਂ ਦਾ ਹੱਲ ਵੀ ਸੀ ਅਤੇ ਅੰਤਰ-ਧਰਮ ਸੰਵਾਦ ਦੀ ਸ਼ੁਰੂਆਤ ਵੀ। ਗੁਰੂ ਸਾਹਿਬ ਦੀਆਂ ਗੋਸ਼ਟੀਆਂ ਕਿਸੇ ਖੰਡਨ ਦੇ ਘੇਰੇ ਵਿੱਚ ਖੜ੍ਹ ਕੇ ਨਹੀਂ ਵੇਖੀਆ ਜਾ ਸਕਦੀਆਂ। ਇਹਨਾਂ ਦਾ ਅਸਲ ਸੱਚ ਪਛਾਣਨਾ ਸੀ ਅਤੇ ਗੁਰੂ ਸਾਹਿਬ ਨੇ ਜਿਹੜੀ ਵਿਧੀ ਨਵੀਂ ਇਜਾਦ ਕੀਤੀ ਉਹ ਅੰਤਰ-ਧਰਮ ਸੰਵਾਦ ਦੀ ਹੈ। ਇਹ ਗੋਸਟਿ ਰਵਾਇਤ ਸਿਰਫ਼ 'ਸਿਧ ਗੋਸਟਿ' ਤੱਕ ਸੀਮਤ ਨਹੀਂ ਹੈ ਸਗੋਂ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਹੀ ਕਿਸੇ ਨਾ ਕਿਸੇ ਰੂਪ ਰਵਾਇਤ ਨਾਲ਼ ਸੰਵਾਦ ਵਿੱਚ ਹੈ। ਭਾਵੇਂ ਇਸ ਵਿਧੀ ਦੀ ਸ਼ੁਰੂਆਤ ਇੱਕ ਵੱਖਰੇ ਰੂਪ ਵਿੱਚ ਹੋਈ ਪਰ ਇਸਦਾ ਵਿਕਾਸ ਨਿਰੰਤਰ ਗਤੀ ਨਾਲ਼ ਹੁੰਦਾ ਗਿਆ ਅਤੇ ਉਹ ਵੀ ਹਰ ਖੇਤਰ ਵਿੱਚ। ਇਹ ਸਾਧਾਰਨ ਤੋਂ ਸਾਧਾਰਨ ਮਸਲੇ ਤੋਂ ਲੈ ਕੇ ਗਹਿਨ ਤੋਂ ਅਤਿ ਗਹਿਨ ਵਿਸ਼ਿਆਂ ਨੂੰ ਆਪਣੇ ਕਲ਼ਾਵੇ ਵਿੱਚ ਲੈਂਦੀ ਵਿਧੀ ਹੈ। ਇਸ ਦਾ ਆਗਮਨ ਅਤੇ ਵਿਕਾਸ ਕਿਸੇ ਇੱਕ ਖਿੱਤੇ ਅਤੇ ਵਿਸ਼ੇ ਨਾਲ਼ ਨਾ ਜੁੜ ਕੇ ਸਮੁੱਚੇ ਵਿਸ਼ਵ ਤੱਕ ਪੱਸਰਿਆ ਹੈ ਅਤੇ ਇਸ ਨੇ ਹਰ ਖੇਤਰ ਵਿੱਚ ਸਮਾਂਤਰ ਵਿਕਾਸ ਕੀਤਾ। ਇਸ ਦਾ ਮੁੱਖ ਮਕਸਦ ਇਹ ਦਰਸਾਉਣਾ ਵੀ ਹੈ ਕਿ ਗੋਸਟੀਆਂ ਹਰ ਕਿਸੇ ਖੇਤਰ ਵਿੱਚ ਮੁਮਕਿਨ ਹਨ। ਵਿਚਾਰ ਭਾਵੇਂ ਜਿੰਨੇ ਵੀ ਵਿਰੋਧੀ ਕਿਉਂ ਨਾ ਹੋਣ, ਗੋਸਟਿ ਲਈ ਥਾਂ ਸਦਾ ਹੀ ਬਣੀ ਰਹਿੰਦੀ ਹੈ। ਦੂਜੇ ਦਾ ਆਦਰ ਕਰ, ਦੂਜੇ ਦੇ ਗਿਆਨ ਦਾ ਸਤਿਕਾਰ ਕਰ ਅਤੇ ਨੀਵੀਂ ਸੁਰ ਅਤੇ ਉੱਚੇ ਵਿਚਾਰਾਂ ਨਾਲ਼ ਕਿਸੇ ਵੀ ਗੋਸਟਿ ਦੀ ਸ਼ੁਰੂਆਤ ਕੀਤੀ ਜਾ ਸਕਦੀ ਹੈ। ਜਦੋਂ ਕਿ ਦੁਨੀਆਂ ਐਨੀ ਫੈਲ ਗਈ ਹੈ ਅਤੇ ਹਰ ਖਿੱਤੇ ਦਾ ਬਾਸ਼ਿੰਦਾ ਆਪਣੇ ਖਿੱਤੇ ਤੋਂ ਦੂਰ ਜਾ ਹੋਰਨਾਂ ਥਾਵਾਂ 'ਤੇ ਜਾ ਵਸਿਆ ਹੈ ਤਾਂ ਸੰਵਾਦ ਦੀ ਮੰਗ ਹੋਰ ਵੀ ਜਾਇਜ਼ ਜਾਪਦੀ ਹੈ। ਧਰਮ, ਸਮਾਜ, ਸੱਭਿਆਚਾਰ ਅਤੇ ਸੱਭਿਅਤਾਵਾਂ ਦੀਆਂ ਦੂਰੀਆਂ ਮਿਟ ਗਈਆਂ ਹਨ, ਏਸੇ ਲਈ ਕਿਸੇ ਵੀ ਕਿਸਮ ਦੇ ਆਪਸੀ ਟਕਰਾਵਾਂ ਤੋਂ ਬਚਣ ਲਈ ਸੰਵਾਦ ਮੁਢਲੀ ਜ਼ਰੂਰਤ ਬਣ ਗਿਆ ਹੈ। ਇਹਨਾਂ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਜੇਕਰ ਗੋਸਟੀਆਂ ਦਾ ਦੌਰ ਚੱਲੇ ਤਾਂ ਨਤੀਜੇ ਜ਼ਰੂਰ ਉਸਾਰੂ ਰੂਪ ਵਿੱਚ ਸਾਹਮਣੇ ਆ ਸਕਦੇ ਹਨ।

## ਹਵਾਲਾ


1. ਰਤਨ ਸਿੰਘ ਜੱਗੀ (ਡਾ.) (ਸੰਪਾ.), ***ਸਾਹਿੱਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-398
2. ਭਾਈ ਕਾਨ੍ਹ ਸਿੰਘ ਨਾਭਾ, ***ਗੁਰਸ਼ਬਦ ਰਤਨਾਕਰ ਮਹਾਨ ਕੋਸ਼***, ਭਾਸ਼ਾ ਵਿਭਾਗ, ਪਟਿਆਲਾ, 2011, ਪੰ-427
3. Radhavallabh Tripathi, ***Vada in Theory and Practice,*** Indian Institute of advanced study, Shimla, 2016, P-7
4. ***ਓਹੀ,*** ਪੰ-8
5. Peter. V. Zima, ***What is theory: cultural theory as discourse and dialogue***, Indiana University,

Bloomsbury, 2007, P-203-204

6. ***Journal of Dharma,*** VOL VIII, No.3, July-Sep 1983, P-22

7. Dennis Vander Auweele, ***Schopeuhauer and the later schelling in dialogue on mythology and religion,*** Journal of Religion, Vol 97, No.4, Oct 2017, P-451

8. Irwin Edman (Ed.), ***The Works of Plato,*** The new modern library, New York, 1956, P-XIX

9. Bertrand Russell, ***History of Western Philosophy,*** Routledge classis, New York, 2018, P-97

10. ਕੁਲਦੀਪ ਸਿੰਘ ਧੀਰ, ***ਪੰਜਾਬੀ ਟ੍ਰਿਬਿਊਨ, ਦਸਤਕ,*** ਐਤਵਾਰ, 23 ਸਤੰਬਰ, 2018, ਪੰਨਾ-1

11. ਪਿਆਰਾ ਸਿੰਘ ਪਦਮ, ਖੋਜ ਪਤ੍ਰਿਕਾ, ਹਰਚਰਨ ਸਿੰਘ (ਡਾ.) (ਸੰਪਾ.), ***ਸਿੱਧ ਗੋਸਟਿ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਵੰਬਰ 1969, ਅੰਕ 3, ਪੰਨਾ-107

12. ***ਓਹੀ,*** ਪੰਨਾ-108

13. ਹਰਿੰਦਰ ਸਿੰਘ ਮਹਿਬੂਬ, ***ਸਹਿਜੇ ਰਚਿਓ ਖ਼ਾਲਸਾ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015, ਪੰ-119

24. ਰਤਨ ਸਿੰਘ ਜੱਗੀ (ਪ੍ਰੋ.), ***ਪੁਰਾਤਨ ਪੰਜਾਬੀ ਵਾਰਤਕ ਵਿਕਾਸ ਅਤੇ ਵਿਸ਼ਲੇਸ਼ਣ,***

15. ਸੁਕੁਮਾਰ ਸੈਨ (ਡਾ.), ਸੂਬਾ ਸਿੰਘ ਐਮ.ਏ. (ਅਨੁ.), ***ਗੋਸ਼ਟੀਆਂ,*** ਭਾਸ਼ਾ ਵਿਭਾਗ, ਪਟਿਆਲਾ, ਪੰਜਾਬ, 1970, ਤਤਕਰਾ

16. ਰਤਨ ਸਿੰਘ ਜੱਗੀ (ਪ੍ਰੋ.), ***ਪੁਰਾਤਨ ਪੰਜਾਬੀ ਵਾਰਤਕ ਵਿਕਾਸ ਅਤੇ ਵਿਸ਼ਲੇਸ਼ਣ,***

17. ਜੋਧ ਸਿੰਘ (ਡਾ.), ***ਸਿੱਖ ਸਿਧਾਂਤ ਸਰੂਪ ਤੇ ਸਮਰੱਥਾ,*** ਪੰ-131

18. ਹਰਿੰਦਰ ਸਿੰਘ ਮਹਿਬੂਬ, ***ਸਹਿਜੇ ਰਚਿਓ ਖ਼ਾਲਸਾ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015, ਪੰ-120

19. ਮੁਹੰਮਦ ਹਬੀਬ (ਡਾ.), ***ਗੁਰੂ ਨਾਨਕ ਦੇਵ ਜੀ ਅਤੇ ਮੁਸਲਮਾਨ ਅੰਤਰ ਧਾਰਮਿਕ ਸੰਵਾਦ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰ-62,63